21-FEB-PAGE-1.qxd 2/20/2023 10:18 PM Page 1

ਮੰਗਲਵਾਰ, 21 ਫਰਵਰੀ, 2023
9 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 262

ਨਵਾਂ ਜ਼ਮਾਨਾ

DAILY NAWAN ZAMANA • TUESDAY, 21 FEBRUARY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਫਿਰਕੂ ਤਾਕਤਾਂ ਭਾਈਚਾਰੇ ਨੂੰ ਵੰਡਣ 'ਚ ਲੱਗੀਆਂ : ਅਰਸ਼ੀ/ਧਾਲੀਵਾਲ

ਮਾਨਸਾ (ਰੀਤਵਾਲ)

ਉੱਘੇ ਦੇਸ਼ ਭਗਤ ਪਰਜਾ ਮੰਡਲ ਲਹਿਰ ਦੇ ਮੋਢੀ ਕਾਮਰੇਡ ਜੰਗੀਰ ਸਿੰਘ ਜੋਗਾ ਦੀ ਸੋਮਵਾਰ 20ਵੀਂ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਜੋਗਾ ਵਿਖੇ ਇਨਕਲਾਬੀ ਜੋਸ਼-ਖਰੋਸ਼ ਨਾਲ ਮਨਾਈ ਗਈ। ਝੰਡਾ ਲਹਿਰਾਉਣ ਦੀ ਰਸਮ ਬਜ਼ੁਰਗ ਆਗੂ ਕਾਮਰੇਡ ਸ਼ੇਰ ਸਿੰਘ ਫੌਜੂਕਾ, ਸੀ.ਪੀ.ਆਈ ਆਗੂ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ, ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ, ਕ੍ਰਿਸ਼ਨ ਚੌਹਾਨ ਅਤੇ ਨਗਰ ਪੰਚਾਇਤ ਜੋਗਾ ਦੇ ਪ੍ਰਧਾਨ ਗੁਰਮੀਤ ਜੋਗਾ ਵੱਲੋਂ ਇਨਕਲਾਬੀ ਨਾਹਰਿਆਂ ਦੀ ਗੂੰਜ ਨਾਲ ਨਿਭਾਈ ਗਈ। ਬਰਸੀ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਅੱਜ ਸਮੇਂ ਦੀ ਮੰਗ ਹੈ ਕਿ ਕਾਮਰੇਡ ਜੰਗੀਰ ਸਿੰਘ ਜੋਗਾ ਵਰਗੇ ਸ਼ਹੀਦਾਂ ਦੀ ਸੋਚ ਨੂੰ ਬਚਾਉਣ ਦੀ ਸਾਨੂੰ ਲੋੜ ਹੈ। ਉਨ੍ਹਾ ਕਿਹਾ ਕਿ ਫਿਰਕੂ ਤਾਕਤਾਂ ਦੇਸ਼ ਦੇ ਭਾਈਚਾਰੇ ਨੂੰ ਵੰਡਣ ਵਿੱਚ ਲੱਗੀਆਂ ਹੋਈਆਂ ਹਨ, ਜਿਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸਾਡੇ ਅਜ਼ਾਦ ਭਾਰਤ ਵਿੱਚ ਫਿਰਕਾਪ੍ਰਸਤ ਅਤੇ ਰਾਸ਼ਟਰਵਾਦ ਦੇ ਨਾਅਰੇ ਹੇਠ ਸੰਘ ਪਰਵਾਰ ਵੱਲੋਂ ਦੇਸ਼ ਨੂੰ ਵੰਡਣ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਨੂੰ ਰੋਕਣ ਲਈ ਦੇਸ਼ ਦੀਆਂ ਜਮਹੂਰੀ ਸ਼ਕਤੀਆਂ ਅਤੇ ਧਰਮ ਨਿਰਪੱਖ ਤਾਕਤਾਂ ਨੂੰ ਇਕੱਠੇ ਹੋਣਾ ਸਮੇਂ ਦੀ ਲੋੜ ਹੈ। ਇਸ ਸਮੇਂ ਆਗੂਆਂ ਨੇ ਸੂਬਾ ਸਰਕਾਰ ਤੇ ਗੈਂਗਸਟਰਾਂ ਨੂੰ ਸੁਰੱਖਿਅਤ ਰੱਖਣ ਕਾਰਨ ਉਹਨਾ ਦੇ ਹੌਸਲਿਆਂ ਨੂੰ ਹੋਰ ਉਤਸ਼ਾਹਤ ਕਰਨ ਤੇ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਹੌਲ ਪੈਦਾ ਕਰਨ ਦਾ ਦੋਸ਼ ਲਾਇਆ। ਉਹਨਾ ਪੰਜਾਬ ਵਿੱਚੋਂ ਵਿਦੇਸ਼ ਵੱਲ ਜਾਣ ਲਈ ਵਧ ਰਹੀ ਨੌਜਵਾਨ ਪੀੜ੍ਹੀ ਦੇ ਰੁਝਾਨ 'ਤੇ ਚਿੰਤਾ ਪ੍ਰਗਟ ਕੀਤੀ। ਬਰਸੀ ਮੌਕੇ ਉੱਘੇ ਦੇਸ਼ ਭਗਤਾਂ ਦੇ ਇਤਿਹਾਸ ਤੋਂ ਜਾਣੂ ਕਰਾਉਣ ਲਈ

● ਬਾਕੀ ਸਫ਼ਾ 2 'ਤੇ

ਕੰਮ ਦੀ ਗਰੰਟੀ ਲਈ ਲੋਕ ਲਾਮਬੰਦੀ ਦੀ ਲੋੜ : ਜਗਰੂਪ

ਨਿਹਾਲ ਸਿੰਘ ਵਾਲਾ : ਪਿੰਡ ਖੋਟੇ (ਮੋਗਾ) ਵਿੱਚ ਸਮਾਜ ਦੇ ਸਭ ਤੋਂ ਹੇਠਲੇ ਤੇ ਨਪੀੜੇ (ਦਲਿਤ) ਵਰਗ ਖੇਤ ਮਜਦੂਰਾਂ ਨੂੰ ਚੇਤਨ ਅਤੇ ਜਥੇਬੰਦ ਕਰਨ ਦੀ ਪਹਿਲੀ ਵਾਰ (1954 ਤੋਂ) ਸ਼ੁਰੂਆਤ ਕਰਨ ਵਾਲੇ ਦੇਸ਼ ਭਗਤ, ਹਰਮਨਪਿਆਰੇ ਮਜ਼ਦੂਰ ਆਗੂ ਕਾਮਰੇਡ ਰੁਲਦੂ ਖਾਂ ਦੀ ਸੋਮਵਾਰ 17ਵੀਂ ਬਰਸੀ ਮਨਾਈ ਗਈ। ਮਹਿੰਦਰ ਸਿੰਘ ਧੂੜਕੋਟ ਦੀ ਪ੍ਰਧਾਨਗੀ ਹੇਠ ਅਯੋਜਿਤ ਸਮਾਗਮ ਨੂੰ ਕਮਿਊਨਿਸਟ ਆਗੂ ਜਗਰੂਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕੀਤਾ।

ਸਮਾਗਮ ਦੀ ਸ਼ੁਰੂਆਤ 'ਤੇ ਪ੍ਰੋਫੈਸਰ ਮਲਕੀਤ ਸਿੰਘ ਬਰਾੜ ਨੇ ਆਏ ਆਗੂਆਂ ਤੇ ਵਰਕਰਾਂ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਕਾਮਰੇਡ ਰੁਲਦੂ ਖਾਂ ਸ਼ਾਨਦਾਰ ਮਨੁੱਖ ਸੀ, ਉਹ ਭਾਵੇਂ ਖੁਦ ਵਿਆਹੇ ਨਹੀਂ ਸਨ, ਪਰ ਮੇਰੇ ਸਮੇਤ ਫਰੀਦਕੋਟ ਇਲਾਕੇ ਦੇ ਸਾਡੇ ਸੈਂਕੜੇ ਹਾਣੀ ਉਨ੍ਹਾ ਨੂੰ ਆਪਣੇ ਬਾਪ ਸਮਾਨ ਸਨਮਾਨ

● ਬਾਕੀ ਸਫ਼ਾ 2 'ਤੇ

ਇਲਾਕੇ ਦੇ ਸਤਿਕਾਰਤ ਸਨ ਸੂਬੇਦਾਰ ਬਲਬੀਰ ਸਿੰਘ : ਮਾੜੀਮੇਘਾ

ਭਿੱਖੀਵਿੰਡ : ਸੇਵਾਮੁਕਤ ਸੂਬੇਦਾਰ ਬਲਬੀਰ ਸਿੰਘ ਮਾੜੀਮੇਘਾ, ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੇ ਗ੍ਰਹਿ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਭਾਈ ਸਤਨਾਮ ਸਿੰਘ ਬੈਂਕਾ ਦੇ ਕੀਰਤਨੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਕੀਰਤਨ ਉਪਰੰਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਮੌਕੇ ਬੋਲਦਿਆ ਸੀ ਪੀ ਆਈ ਪੰਜਾਬ ਦੇ ਮੀਤ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸੂਬੇਦਾਰ ਬਲਬੀਰ ਸਿੰਘ ਨੂੰ ਇਲਾਕੇ ਦੀ ਸਤਿਕਾਰਤ ਹਸਤੀ ਦੱਸਦੇ ਹੋਏ ਉਹਨਾ ਨਾਲ ਬਿਤਾਏ ਹੋਏ ਪਲਾਂ ਨੂੰ ਸਾਂਝੇ ਕਰਦਿਆ ਦੱਸਿਆ ਕਿ ਜਦੋਂ ਆਪ 1984 ਵਿੱਚ ਫੌਜ ਦੀਆਂ ਸੇਵਾਵਾਂ ਤੋ ਰਿਟਾਇਰ ਹੋਏ ਤਾਂ 1985 ਵਿੱਚ ਪੰਜਾਬ ਵਿਧਾਨ ਸਭਾ ਦੀਆ ਚੋਣਾਂ ਵਿੱਚ ਹਲਕਾ ਵਲਟੋਹਾ ਤੋਂ ਸੀ ਪੀ ਆਈ ਦੇ ਉਮੀਦਵਾਰ ਕਾਮਰੇਡ ਅਰਜਨ ਸਿੰਘ ਮਸਤਾਨਾ ਦੀ ਵੋਟਾਂ ਪਵਾ ਕੇ ਮਦਦ ਕੀਤੀ ਸੀ। ਉਹਨਾ ਦੇ ਵਿਛੋੜੇ

● ਬਾਕੀ ਸਫ਼ਾ 2 'ਤੇ

ਮੁਹਾਲੀ ਮੋਰਚੇ 'ਚ ਕਿਸਾਨਾਂ ਦੀ ਸ਼ਮੂਲੀਅਤ

ਮੁਹਾਲੀ : ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸਮੇਤ ਹੋਰ ਸਿੱਖ ਮਸਲਿਆਂ ਨੂੰ ਲੈ ਕੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਪੱਕੇ ਮੋਰਚੇ ਵਿਚ ਸੋਮਵਾਰ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠ ਪੁੱਜੇ ਕਿਸਾਨਾਂ ਦਾ ਕੌਮੀ ਇਨਸਾਫ ਮੋਰਚੇ ਦੇ ਪ੍ਰਬੰਧਕਾਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ, ਆਲ ਇੰਡੀਆ ਕਿਸਾਨ ਸਭਾ ਦੇ ਆਗੂ ਜਸਵੀਰ ਸਿੰਘ ਝੱਜ ਅਤੇ ਹੋਰ ਆਗੂਆਂ ਨੇ ਦੱਸਿਆ ਕਿ ਹਜ਼ਾਰਾਂ ਦੀ ਗਿਣਤੀ 'ਚ ਕਿਸਾਨਾਂ ਨੇ ਸ਼ਮੂਲੀਅਤ ਕਰਕੇ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਕਿਸਾਨ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਤੋਂ ਬਾਅਦ ਦੁਪਹਿਰ 1 ਵਜੇ ਰੋਸ ਮਾਰਚ ਕਰਦੇ ਹੋਏ ਪੱਕੇ ਮੋਰਚੇ 'ਚ ਪਹੁੰਚੇ। ਕਿਸਾਨ ਆਗੂਆਂ ਨੇ ਕਿਹਾ ਕਿ ਸਜ਼ਾ ਪੂਰੀ ਹੋਣ 'ਤੇ ਵੀ ਕਿਸੇ ਕੈਦੀ ਨੂੰ ਜੇਲ੍ਹ 'ਚ ਨਜ਼ਰਬੰਦ ਕਰਕੇ ਰੱਖਣਾ ਗੈਰਕਾਨੂੰਨੀ ਅਤੇ ਮਨੁੱਖੀ ਅਧਿਕਾਰਾਂ 'ਤੇ ਡਾਕਾ ਅਤੇ ਕੁਦਰਤੀ ਇਨਸਾਫ ਦੇ ਖਿਲਾਫ ਹੈ।

ਇਨਸਾਫ ਮੋਰਚੇ ਨਾਲ ਮੇਰਾ ਸੰਬੰਧ ਨਹੀਂ : ਰਾਜੋਆਣਾ

ਪਟਿਆਲਾ : ਬੇਅੰਤ ਸਿੰਘ ਬੰਬ ਕਾਂਡ ਦੇ ਦੋਸ਼ੀ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਦੰਦਾਂ ਦੀ ਜਾਂਚ ਲਈ ਭਾਰੀ ਸੁਰੱਖਿਆ ਹੇਠ ਪਟਿਆਲਾ ਕੇਂਦਰੀ ਜੇਲ੍ਹ ਤੋਂ ਸਰਕਾਰੀ ਰਾਜਿੰਦਰਾ ਹਸਪਤਾਲ ਲਿਆਂਦਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਉਹ ਅਕਾਲੀ ਹਨ ਤੇ ਅਕਾਲੀ ਹੀ ਰਹਿਣਗੇ। ਮੁਹਾਲੀ 'ਚ ਲੱਗੇ ਇਨਸਾਫ ਮੋਰਚੇ ਨਾਲ ਉਨ੍ਹਾ ਦਾ ਕੋਈ ਸੰਬੰਧ ਨਹੀਂ ਹੈ।

ਅੱਜ-ਨਾਮਾ

ਨਵੀਂ ਲਿਸਟ ਬਣਾਈ ਇੱਕ ਕਾਂਗਰਸੀਆਂ,
ਚੋਣਵੇਂ ਲੀਡਰ ਨੇ ਏਸ ਵਿੱਚ ਪਾਏ ਬੇਲੀ।
ਪ੍ਰਿਅੰਕਾ ਗਾਂਧੀ ਦੇ ਨਾਲ ਆ ਸਿਖਰ ਵਾਲੇ,
ਪਹਿਲਿਆਂ ਬਾਰਾਂ ਦੇ ਵਿੱਚ ਲਿਖਾਏ ਬੇਲੀ।
ਤੇਰ੍ਹਵੇਂ ਨੰਬਰ 'ਤੇ ਆ ਗਿਆ ਨਾਂਅ ਮਾੜਾ,
ਜੀਹਨੇ ਕਈਆਂ ਦੇ ਸਿਰ ਚਕਰਾਏ ਬੇਲੀ।
ਟਾਈਟਲਰ ਨਾਂਅ ਦਾ ਭਾਰੀ ਬਦਨਾਮ ਬੰਦਾ,
ਲੀਡਰਾਂ ਵਿੱਚ ਉਹ ਖੜਾ ਮੁਸਕਰਾਏ ਬੇਲੀ।
ਗੁਆਇਆ ਰਾਜ ਫਿਰ ਸੜਕ ਸਵਾਰ ਹੋਈ,
ਕਾਂਗਰਸ ਪੱਲੇ ਨਹੀਂ ਬਚੀ ਕੁਝ ਭੱਲ ਬੇਲੀ।
ਮੁੜ-ਮੁੜ ਮਾਰ ਇਸ ਪਾਰਟੀ ਬਹੁਤ ਖਾਧੀ,
ਸਿੱਖਦੀ ਅਕਲ ਦੀ ਹਾਲੇ ਨਹੀਂ ਗੱਲ ਬੇਲੀ।

-ਤੀਸ ਮਾਰ ਖਾਂ

ਗਰਮੀ ਦੇ ਕਣਕ 'ਤੇ ਪ੍ਰਭਾਵ ਦੀ ਨਿਗਰਾਨੀ ਲਈ ਕਮੇਟੀ

ਨਵੀਂ ਦਿੱਲੀ : ਕਣਕ ਦੀ ਫਸਲ 'ਤੇ ਤਾਪਮਾਨ ਵਧਣ ਦੇ ਪ੍ਰਭਾਵ ਦੀ ਨਿਗਰਾਨੀ ਕਰਨ ਲਈ ਸਰਕਾਰ ਨੇ ਕਮੇਟੀ ਬਣਾ ਦਿੱਤੀ ਹੈ। ਖੇਤੀਬਾੜੀ ਸਕੱਤਰ ਮਨੋਜ ਆਹੂਜਾ ਨੇ ਸੋਮਵਾਰ ਇਹ ਜਾਣਕਾਰੀ ਦਿੱਤੀ। ਪੰਜਾਬ ਦੇ ਅੰਮ੍ਰਿਤਸਰ 'ਚ ਘੱਟੋ-ਘੱਟ ਤਾਪਮਾਨ 16.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 9 ਡਿਗਰੀ ਵੱਧ ਹੈ, ਜਦੋਂ ਕਿ ਲੁਧਿਆਣਾ ਦਾ ਤਾਪਮਾਨ 14.8 ਡਿਗਰੀ ਰਿਹਾ, ਜੋ ਕਿ ਆਮ ਨਾਲੋਂ ਛੇ ਡਿਗਰੀ ਵੱਧ ਹੈ। ਪਟਿਆਲਾ ਦਾ 14.8 ਡਿਗਰੀ ਆਮ ਨਾਲੋਂ ਪੰਜ ਡਿਗਰੀ ਵਧ ਰਿਹਾ, ਜਦਕਿ ਪਠਾਨਕੋਟ ਦਾ ਘੱਟੋ-ਘੱਟ ਤਾਪਮਾਨ 15.4 ਡਿਗਰੀ ਰਿਹਾ। ਬਠਿੰਡਾ ਦਾ 11.4 ਡਿਗਰੀ ਆਮ ਨਾਲੋਂ ਤਿੰਨ ਡਿਗਰੀ ਵੱਧ ਰਿਹਾ, ਜਦੋਂ ਕਿ ਫਰੀਦਕੋਟ ਅਤੇ ਗੁਰਦਾਸਪੁਰ ਦਾ ਘੱਟੋ-ਘੱਟ ਤਾਪਮਾਨ 14.6 ਅਤੇ 12 ਡਿਗਰੀ ਦਰਜ ਕੀਤਾ ਗਿਆ। ਚੰਡੀਗੜ੍ਹ ਦਾ ਤਾਪਮਾਨ 14.6 ਡਿਗਰੀ ਦਰਜ ਕੀਤਾ ਗਿਆ, ਜੋ ਆਮ ਨਾਲੋਂ ਪੰਜ ਡਿਗਰੀ ਵੱਧ ਸੀ।

ਪਲੈਨਰੀ ਸੈਸ਼ਨ ਤੋਂ ਪਹਿਲਾਂ ਕਾਂਗਰਸੀ ਲੀਡਰਾਂ 'ਤੇ ਈ ਡੀ ਦੀ ਛਾਪੇਮਾਰੀ

■ ਇਹ ਅਡਾਨੀ ਮਾਮਲੇ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ : ਕਾਂਗਰਸ

ਰਾਇਪੁਰ : ਈ ਡੀ ਨੇ ਕੋਲਾ ਲੇਵੀ ਮਨੀ ਲਾਂਡਰਿੰਗ ਮਾਮਲੇ 'ਚ ਸੋਮਵਾਰ ਛੱਤੀਸਗੜ੍ਹ 'ਚ ਕਾਂਗਰਸ ਨੇਤਾਵਾਂ 'ਤੇ ਛਾਪੇਮਾਰੀ ਕੀਤੀ। ਇਹ ਛਾਪੇਮਾਰੀ ਰਾਜ ਦੀ ਰਾਜਧਾਨੀ ਰਾਇਪੁਰ 'ਚ 24 ਤੋਂ 26 ਫਰਵਰੀ ਤੱਕ ਕਾਂਗਰਸ ਦੇ ਤਿੰਨ ਦਿਨਾ ਪਲੈਨਰੀ ਸੈਸ਼ਨ ਤੋਂ ਪਹਿਲਾਂ ਹੋਈ। ਇੱਥੇ ਭੁਪੇਸ਼ ਬਘੇਲ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਹੈ। ਭਿਲਾਈ 'ਚ ਵਿਧਾਇਕ ਦੇਵੇਂਦਰ ਯਾਦਵ, ਰਾਇਪੁਰ 'ਚ ਪ੍ਰਦੇਸ਼ ਕਾਂਗਰਸ ਕਮੇਟੀ ਦੇ ਖਜ਼ਾਨਚੀ ਰਾਮ ਗੋਪਾਲ ਅਗਰਵਾਲ, ਛੱਤੀਸਗੜ੍ਹ ਪ੍ਰਦੇਸ਼ ਭਵਨ ਤੇ ਉਸਾਰੀ ਮਜ਼ਦੂਰ ਭਲਾਈ ਬੋਰਡ ਦੇ ਚੇਅਰਮੈਨ ਸੁਸ਼ੀਲ ਸੰਨੀ ਅਗਰਵਾਲ ਅਤੇ ਪਾਰਟੀ ਦੇ ਸੂਬਾ ਬੁਲਾਰੇ ਆਰ ਪੀ ਸਿੰਘ ਦੇ ਟਿਕਾਣਿਆਂ ਸਮੇਤ ਦਰਜਨ ਤੋਂ ਵੱਧ ਥਾਵਾਂ 'ਤੇ ਤਲਾਸ਼ੀ ਲਈ ਗਈ।

● ਬਾਕੀ ਸਫ਼ਾ 2 'ਤੇ

22 ਲੱਖ ਲੁੱਟਣ ਵਾਲੇ ਦੋ ਫੜੇ, 21 ਲੱਖ ਬਰਾਮਦ

ਅੰਮ੍ਰਿਤਸਰ : ਇਥੋਂ ਦੇ ਰਾਣੀ ਕਾ ਬਾਗ ਵਿਖੇ 16 ਫਰਵਰੀ ਨੂੰ ਪੰਜਾਬ ਨੈਸ਼ਨਲ ਬੈਂਕ ਦੀ ਬਰਾਂਚ 'ਚੋਂ 22 ਲੱਖ ਰੁਪਏ ਦੀ ਲੁੱਟਣ ਦੇ ਸੰਬੰਧ 'ਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਨ੍ਹਾਂ ਕੋਲੋਂ 21 ਲੱਖ ਰੁਪਏ, ਦੋ ਪਿਸਤੌਲ ਅਤੇ 20 ਕਾਰਤੂਸ ਬਰਾਮਦ ਕੀਤੇ ਗਏ ਹਨ। ਮੁਲਜ਼ਮਾਂ ਦੀ ਸ਼ਨਾਖਤ ਲਾਲਜੀਤ ਸਿੰਘ ਅਤੇ ਗਗਨਦੀਪ ਸਿੰਘ ਵਜੋਂ ਹੋਈ ਹੈ। ਪੁਲਸ ਕਮਿਸ਼ਨਰ ਜਸਕਰਨ ਸਿੰਘ ਨੇ ਦੱਸਿਆ ਕਿ ਲਾਲਜੀਤ ਸਿੰਘ ਨੂੰ ਉਸ ਦੇ ਪਿੰਡ ਮਹਿਣੀਆਂ ਲੋਹਾਰਾਂ ਤੋਂ ਕਾਬੂ ਕਰਕੇ 12 ਲੱਖ ਰੁਪਏ, ਰਿਵਾਲਵਰ, 11 ਕਾਰਤੂਸ ਤੇ ਕਾਰ ਬਰਾਮਦ ਕੀਤੀ ਗਈ, ਜਦੋਂ ਕਿ ਗਗਨਦੀਪ ਸਿੰਘ ਨੂੰ ਉਸ ਦੇ ਰਿਸ਼ੀ ਵਿਹਾਰ ਸਥਿਤ ਘਰ ਵਿੱਚੋਂ ਕਾਬੂ ਕਰਕੇ 10 ਲੱਖ ਰੁਪਏ, ਪਿਸਤੌਲ, 9 ਗੋਲੀਆਂ ਅਤੇ ਇਕ ਸਕੂਟਰ ਬਰਾਮਦ ਕੀਤਾ ਗਿਆ।

ਬਾਇਡਨ ਅਚਾਨਕ ਯੂਕਰੇਨ 'ਚ



ਕੀਵ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਯੂਕਰੇਨ ਜੰਗ ਦਾ ਇਕ ਸਾਲ ਪੂਰਾ ਹੋਣ ਤੋਂ ਕੁਝ ਦਿਨ ਪਹਿਲਾਂ ਸੋਮਵਾਰ ਅਚਾਨਕ ਯੂਕਰੇਨ ਪੁੱਜੇ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਮੁਲਾਕਾਤ 'ਚ ਬਾਇਡਨ ਨੇ ਯੂਕਰੇਨ ਲਈ ਅਮਰੀਕਾ ਅਤੇ ਹੋਰ ਸਹਿਯੋਗੀਆਂ ਦੇ ਸਮਰਥਨ ਨੂੰ ਦੁਹਰਾਇਆ।

ਨਵੀਂ ਪੈਨਸ਼ਨ ਸਕੀਮ ਵਾਲੇ ਪੈਸੇ ਨਹੀਂ ਮੋੜੇਗਾ ਕੇਂਦਰ

ਜੈਪੁਰ : ਰਾਜਸਥਾਨ ਸਮੇਤ ਕਈ ਰਾਜਾਂ ਵੱਲੋਂ ਆਪਣੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ (ਓ ਪੀ ਐੱਸ) ਬਹਾਲ ਕਰਨ ਦੇ ਕੀਤੇ ਐਲਾਨ ਸੰਬੰਧੀ ਸੋਮਵਾਰ ਕੇਂਦਰ ਨੇ ਮੁੜ ਸਪੱਸ਼ਟ ਕੀਤਾ ਕਿ ਨਵੀਂ ਪੈਨਸ਼ਨ ਸਕੀਮ (ਐੱਨ ਪੀ ਐੱਸ) ਤਹਿਤ ਜਮ੍ਹਾਂ ਕੀਤੇ ਪੈਸੇ ਰਾਜਾਂ ਨੂੰ ਵਾਪਸ ਨਹੀਂ ਕੀਤੇ ਜਾਣਗੇ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਵਿੱਤੀ ਸੇਵਾਵਾਂ ਦੇ ਸਕੱਤਰ ਵਿਵੇਕ ਜੋਸ਼ੀ ਨੇ ਇੱਥੇ ਕਿਹਾ ਕਿ ਜੇ ਕੋਈ ਰਾਜ ਸਰਕਾਰ ਇਹ ਉਮੀਦ ਕਰ ਰਹੀ ਹੈ ਕਿ ਐੱਨ ਪੀ ਐੱਸ ਲਈ ਜਮ੍ਹਾਂ ਕੀਤਾ ਪੈਸਾ ਉਨ੍ਹਾਂ ਨੂੰ ਵਾਪਸ ਕਰ ਦਿੱਤਾ ਜਾਵੇਗਾ ਤਾਂ ਇਹ ਅਸੰਭਵ ਹੈ।

ਸੰਦੀਪ ਸਿੰਘ ਦੀ ਬਰਖਾਸਤਗੀ ਨੂੰ ਲੈ ਕੇ ਵਾਕਆਊਟ

ਚੰਡੀਗੜ੍ਹ : ਕਾਂਗਰਸ ਵਿਧਾਇਕਾਂ ਨੇ ਸੋਮਵਾਰ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ 'ਚ ਸੰਦੀਪ ਸਿੰਘ ਨੂੰ ਮੰਤਰੀ ਵਜੋਂ ਬਰਕਰਾਰ ਰੱਖਣ ਦੇ ਵਿਰੋਧ 'ਚ ਵਾਕਆਊਟ ਕੀਤਾ। ਉਨ੍ਹਾਂ ਮੰਗ ਕੀਤੀ ਕਿ ਸੰਦੀਪ ਸਿੰਘ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਦਾ ਅਸਤੀਫਾ ਨਹੀਂ ਮੰਗਿਆ ਜਾਵੇਗਾ। ਸਪੀਕਰ ਗਿਆਨ ਚੰਦ ਗੁਪਤਾ ਨੇ ਕਿਹਾ ਕਿ ਜਦੋਂ ਤੱਕ ਜਾਂਚ ਜਾਰੀ ਹੈ, ਉਹ ਸੰਦੀਪ ਸਿੰਘ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ।

ਮਾਨ ਨੇ ਕੇਂਦਰੀ ਵਾਤਾਵਰਣ ਮੰਤਰੀ ਨੂੰ ਦਿਹਾਤੀ ਵਿਕਾਸ ਫੰਡਾਂ ਦਾ ਬਕਾਇਆ ਤੁਰੰਤ ਜਾਰੀ ਕਰਨ ਲਈ ਕਿਹਾ

ਮੋਹਾਲੀ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਕੇਂਦਰੀ ਵਾਤਾਵਰਣ ਮੰਤਰੀ ਅੱਗੇ ਟੈਕਸਾਂ 'ਚੋਂ ਸੂਬੇ ਦਾ ਬਣਦਾ ਹਿੱਸਾ ਅਤੇ ਪੇਂਡੂ ਵਿਕਾਸ ਫੰਡਾਂ (ਆਰ ਡੀ ਐੱਫ) ਦੇ ਬਕਾਏ ਤੁਰੰਤ ਜਾਰੀ ਕਰਨ ਦਾ ਮਸਲਾ ਚੁੱਕਿਆ। ਮੁੱਖ ਮੰਤਰੀ ਨੇ ਝੋਨੇ ਦੀ ਪਰਾਲੀ ਦੇ ਪ੍ਰ

ਮਹਾਂਸ਼ਿਵਰਾਤਰੀ ਮੌਕੇ ਸ਼ਿਵ ਭਗਤਾਂ ਨੇ ਕੀਤੀ ਸ਼ਿਵ ਪੂਜਾ ਅਰਚਨਾ

ਮਲੋਟ (ਗੁਰਮੀਤ ਸਿੰਘ ਮੱਕੜ)-ਮਹਾਂਸ਼ਿਵਰਾਤਰੀ ਦੇ ਪਾਵਨ ਮੌਕੇ ਸ਼ਿਵ ਭਗਤਾਂ ਵੱਲੋਂ ਪੂਰੀ ਸ਼ਰਧਾ ਭਾਵਨਾ ਨਾਲ ਸ਼ਿਵ ਪੂਜਾ ਅਰਚਨਾ ਕੀਤੀ ਗਈ। ਸ਼ਹਿਰ ਦੇ ਵੱਖ ਵੱਖ ਮੰਦਰਾਂ, ਜਿਸ ਵਿੱਚ ਸ਼੍ਰੀ ਵੈਸ਼ਨੂੰ ਦੁਰਗਾ ਮੰਦਰ, ਪ੍ਰਾਚੀਨ ਸ਼ਨੀ ਦੇਵ ਮੰਦਰ, ਸ਼੍ਰੀ ਕ੍ਰਿਸ਼ਨਾ ਮੰਦਰ, ਮੰਡੀ ਹਰਜੀ ਰਾਮ, ਸ਼ਿਵ ਮੰਦਰ ਸਟੇਸ਼ਨ ਵਾਲਾ, ਸਨਾਤਨ ਧਰਮ ਕ੍ਰਿਸ਼ਨਾ ਮੰਦਰ, ਮਾਤਾ ਚਿੰਤਪੂਰਨੀ ਮੰਦਰ, ਖਾਟੂ ਸ਼ਿਆਮ ਮੰਦਰ, ਸ਼ੇਸ਼ਨਾਗ ਮੰਦਰ ਤੋਂ ਇਲਾਵਾ ਹੋਰ ਮੰਦਰਾਂ ਵਿੱਚ ਰੁਦਰ ਅਭਿਸ਼ੇਕ ਕੀਤਾ ਤੇ ਇਸ ਤੋਂ ਇਲਾਵਾ ਸ਼ਿਵ ਪਾਰਵਤੀ ਮਾਤਾ ਦੇ ਵਿਆਹ ਦੇ ਭਜਨ ਗਾਏ ਗਏ।ਇਸ ਮੌਕੇ ਸਾਰਾ ਮਾਹੌਲ ਹੀ ਸ਼ਿਵ ਭੋਲੇ ਦੇ ਰੰਗ ਵਿੱਚ ਰੰਗਿਆ ਨਜ਼ਰ ਆ ਰਿਹਾ ਸੀ। ਪ੍ਰਾਚੀਨ ਸ਼ਨੀ ਦੇਵ ਮੰਦਰ ਦੇ ਪੁਜਾਰੀ ਮਹਾਂਵੀਰ ਪ੍ਰਸ਼ਾਦ, ਸ਼੍ਰੀ ਵੈਸ਼ਨੂੰ ਦੁਰਗਾ ਮੰਦਰ ਦੇ ਪ੍ਰਧਾਨ ਜਗਜੀਵਨ ਸੁਖੀਜਾ, ਸ਼ਿਵ ਭਗਤ ਚੰਦਰ ਮੋਹਨ ਭੋਡਾ, ਟਵਿੰਕਲ ਕਮਰਾ, ਰਾਜ ਰੱਸੋਵੱਟ, ਸੁਰਿੰਦਰ ਛਾਬੜਾ ਆਦਿ ਨੇ ਦੱਸਿਆ ਕਿ ਸ਼ਿਵ ਭਗਤਾਂ ਨੇ ਪੂਰੀ ਸ਼ਰਧਾ ਭਾਵਨਾ ਨਾਲ ਸ਼ਿਵ ਭੋਲੇ ਦੀ ਪੂਜਾ ਅਰਚਨਾ ਕੀਤੀ ਤੇ ਸ਼ਿਵ ਪਾਰਵਤੀ ਮਾਤਾ ਦੇ ਵਿਆਹ ਦੇ ਗੀਤ ਗਾ ਕੇ ਸਾਰਾ ਮਾਹੌਲ ਧਾਰਮਿਕ ਰੰਗ ਵਿੱਚ ਰੰਗ ਦਿੱਤਾ। ਇਸ ਦੌਰਾਨ ਹਰ ਹਰ ਮਹਾਂਦੇਵ ਦੇ ਜੈਕਾਰੇ ਗੂੰਜਦੇ ਰਹੇ।

ਲਗਜ਼ਰੀ ਚਮੜੇ ਦੇ ਬ੍ਰਾਂਡ ਬਰੂਨ ਐਂਡ ਬਰੇਸਕਿਨ ਨੇ ਲੁਧਿਆਣਾ 'ਚ ਨਵਾਂ ਸਟੋਰ ਖੋਲ੍ਹਿਆ

ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਬੂਰੀਆ, ਪ੍ਰਦੀਪ ਸ਼ਰਮਾ)-ਲਗਜ਼ਰੀ ਚਮੜੇ ਦੇ ਬ੍ਰਾਂਡ ਬਰੂਨ ਐਂਡ ਬਰੇਸਕਿਨ ਨੇ ਐਤਵਾਰ ਨੂੰ ਸਰਾਭਾ ਨਗਰ ਲੁਧਿਆਣਾ ਵਿਖੇ ਆਪਣਾ ਨਵਾਂ ਸਟੋਰ ਖੋਲ੍ਹਿਆ, ਜਿਸ ਵਿੱਚ ਬੈਗ, ਵਾਲਿਟ, ਜੁੱਤੀਆਂ, ਬੈਲਟਾਂ ਤੇ ਹੋਰ ਸਹਾਇਕ ਉਪਕਰਣ ਸ਼ਾਮਲ ਹਨ। ਦਿੱਲੀ ਤੇ ਜਲੰਧਰ ਵਿੱਚ ਬ੍ਰਾਂਡ ਦੇ ਪਿਛਲੇ ਸਟੋਰਾਂ ਨੇ ਪਹਿਲਾਂ ਹੀ ਇੱਕ ਵਫ਼ਾਦਾਰ ਗਾਹਕ ਅਧਾਰ ਹਾਸਲ ਕਰ ਲਿਆ ਹੈ ਅਤੇ ਲੁਧਿਆਣਾ ਵਿੱਚ ਨਵਾਂ ਸਟੋਰ ਸਿਰਫ ਭਾਰਤੀ ਲਗਜ਼ਰੀ ਮਾਰਕੀਟ ਵਿੱਚ ਬਰੂਨ ਤੇ ਬਰੇਸਕਿਨ ਦੇ ਪੈਰਾਂ ਨੂੰ ਮਜ਼ਬੂਤ ਕਰੇਗਾ। ਬਰੂਨ ਐਂਡ ਬਰੇਸਕਿਨ ਦੇ ਡਾਇਰੈਕਟਰ ਟੈਬੀ ਭਾਟੀਆ ਨੇ ਕਿਹਾ ਕਿ ਸਾਨੂੰ ਭਰੋਸਾ ਹੈ ਕਿ ਲੁਧਿਆਣਾ ਦੇ ਲੋਕ ਸਾਡੇ ਉੱਚ-ਗੁਣਵੱਤਾ ਵਾਲੇ, ਹੈਂਡਕ੍ਰਾਫਟਡ ਚਮੜੇ ਦੇ ਉਤਪਾਦਾਂ ਦੀ ਸ਼ਲਾਘਾ ਕਰਨਗੇ ਤੇ ਅਸੀਂ ਸ਼ਹਿਰ ਦੇ ਫੈਸ਼ਨ ਦ੍ਰਿਸ਼ ਦਾ ਇੱਕ ਅਨਿੱਖੜਵਾਂ ਅੰਗ ਬਣਨ ਦੀ ਉਮੀਦ ਕਰਦੇ ਹਾਂ। ਬਰੂਨ ਐਂਡ ਬਰੇਸਕਿਨ ਦੇਸ਼ ਵਿੱਚ ਇੱਕਮਾਤਰ ਬ੍ਰਾਂਡ ਹੈ, ਜੋ ਇਹ ਵਿਦੇਸ਼ੀ ਚਮੜੇ ਦੇ ਸਾਰੀਆਂ ਸ਼੍ਰੇਣੀਆਂ ਦੀ ਪੇਸ਼ਕਸ਼ ਕਰਦਾ ਹੈ।

ਮੂਲੋਵਾਲ ਦੀ ਹਰਵਿੰਦਰ ਤੇ ਪਿੰਕੀ ਨੇ ਪ੍ਰਸ਼ਨੋਤਰੀ ਮੁਕਾਬਲੇ 'ਚ ਦੂਜਾ ਸਥਾਨ ਜਿੱਤਿਆ

ਧੂਰੀ (ਸੁਖਦੇਵ ਧੂਰੀ)-ਬੀਤੇ ਦਿਨੀਂ ਸਾਹਿਤ ਸਭਾ (ਸੋਖੋਂ) ਧੂਰੀ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੇ ਸੰਬੰਧ ਵਿੱਚ ਸਕੂਲਾਂ ਦੇ ਵਿਦਿਆਰਥੀਆਂ ਦਾ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਲੋਵਾਲ ਦੀ ਜਮਾਤ ਨੌਵੀਂ ਦੀਆਂ ਵਿਦਿਆਰਥਣਾਂ ਹਰਵਿੰਦਰ ਕੌਰ ਤੇ ਪਿੰਕੀ ਕੁਮਾਰੀ ਨੇ ਦੂਜਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਸੁਭਾਸ਼ ਚੰਦ ਤੇ ਸਮੂਹ ਸਟਾਫ ਵੱਲੋਂ ਇਨ੍ਹਾਂ ਵਿਦਿਆਰਥਣਾਂ ਨੂੰ ਸਵੇਰ ਦੀ ਸਭਾ ਵਿੱਚ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਵੱਲੋਂ ਇਸ ਪ੍ਰਾਪਤੀ ਲਈ ਵਿਦਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਲਈ ਬਾਕੀ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ। ਜਮਾਤ ਇੰਚਾਰਜ ਅਮਰਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿਦਿਆਰਥਣਾਂ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਤਿਆਰੀ ਕਰਕੇ ਵੱਡੀ ਪ੍ਰਾਪਤੀ ਕੀਤੀ ਹੈ, ਮੈਨੂੰ ਆਸ ਹੈ ਕਿ ਇਹ ਵਿਦਿਆਰਥਣ ਅੱਗੇ ਵੀ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਨਗੀਆਂ। ਇਸ ਮੌਕੇ ਮੈਡਮ ਰੰਜੂ ਬਾਲਾ, ਸ਼ਸ਼ੀ ਬਾਲਾ, ਰਘਵੀਰ ਕੌਰ, ਯਾਦਵਿੰਦਰ ਪਾਲ, ਅਮਰਿੰਦਰ ਸਿੰਘ, ਕੁਲਵੰਤ ਸਿੰਘ, ਬਲਜਿੰਦਰ ਸਿੰਘ, ਸੰਦੀਪ ਬਾਂਸਲ, ਸ਼ਿਖਾ ਗੁਪਤਾ, ਟੀਨਾ ਰਾਣੀ, ਹਰਪ੍ਰੀਤ ਕੌਰ, ਲਖਵਿੰਦਰ ਕੌਰ, ਸ਼ੀਤਲ ਗੋਇਲ, ਦਲਜੀਤ ਕੌਰ, ਜਸ਼ਨ ਸਹਿਗਲ, ਜਸਵੀਰ ਕੌਰ, ਕਿਰਨਦੀਪ ਕੌਰ ਅਧਿਆਪਕ ਸ਼ਾਮਲ ਸਨ।

ਮਹਾਂਸ਼ਿਵਰਾਤਰੀ ਮੌਕੇ ਸ਼੍ਰੀਮਦ ਕਥਾ ਸ਼ਰਧਾ ਪੂਰਵਕ ਸੰਪੰਨ

ਭੀਖੀ (ਧਰਮਵੀਰ ਸ਼ਰਮਾ)-ਸਥਾਨਕ ਸ਼ਿਵ ਮੰਦਰ (ਸ਼ਿਵਾਲਾ) ਵਿਖੇ ਸ਼੍ਰੀ ਸਨਾਤਨ ਧਰਮ ਪੰਜਾਬ ਮਹਾਂਵੀਰ ਦਲ ਸ਼ਿਵ ਮੰਦਰ ਭੀਖੀ ਵੱਲੋਂ ਸ਼੍ਰੀ ਮਹਾਂਸ਼ਿਵਰਾਤਰੀ ਮਹਾਂਉਤਸਵ ਮੌਕੇ ਕਰਵਾਈ ਸ਼੍ਰੀਮਦ ਭਗਵਤ ਕਥਾ ਧੂਮਧਾਮ ਨਾਲ ਸਮਾਪਤ ਕੀਤੀ ਗਈ। ਸ਼ਿਵ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਮਹਾਂਸ਼ਿਵਰਾਤਰੀ ਦੇ ਸਬੰਧ 'ਚ ਅਨੇਕਾਂ ਧਾਰਮਿਕ ਪ੍ਰੋਗਰਾਮ ਕਰਵਾਏ ਗਏ ਤੇ ਮੰਦਰ ਦੀ ਖੂਬਸੂਰਤ ਢੰਗ ਨਾਲ ਸਜਾਵਟ ਕੀਤੀ ਗਈ। ਮਹਾਂਸ਼ਿਵਰਾਤਰੀ ਮੌਕੇ ਮੰਦਰ ਵਿੱਚ ਪੂਜਾ ਅਰਚਨਾ ਕਰਨ ਤੇ ਮੱਥਾ ਟੇਕਣ ਵਾਲਿਆਂ ਦੀ ਸਾਰਾ ਦਿਨ ਭੀੜ ਲੱਗੀ ਰਹੀ ਤੇ ਸ਼ਿਵਰਾਤਰੀ ਵਾਲੀ ਰਾਤ ਭਗਵਾਨ ਸ਼ਿਵ ਦਾ ਵਿਆਹ ਸਮਾਗਮ ਕੀਤਾ ਗਿਆ, ਜਿਸ ਵਿੱਚ ਸ਼ਰਧਾਲੂਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਧਾਰਮਿਕ ਵਿਧੀ ਅਨੁਸਾਰ ਮਹਾਂਸ਼ਿਵਰਾਤਰੀ ਉਤਸਵ ਸੰਪੂਰਨ ਹੋਏ। ਇਸ ਮੌਕੇ ਪ੍ਰਧਾਨ ਹਰਮੇਸ਼ ਸਿੰਘ ਮਿੱਤਲ ਨੇ ਕਮੇਟੀ ਵੱਲੋਂ ਸਮਾਗਮ ਦੇ ਸਮੂਹ ਸਹਿਯੋਗੀਆਂ ਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਹਿਯੋਗੀ ਸੱਜਣਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਅਸ਼ੋਕ ਕੁਮਾਰ ਬੱਗਾ, ਸੰਦੀਪ ਕੁਮਾਰ ਜਿੰਦਲ, ਰਾਜਿੰਦਰ ਰਾਜੀ, ਭੀਮ ਸੈਨ ਅਸਪਾਲ, ਭੋਲਾ ਮੱਲ ਮਿੱਤਲ, ਸੁਖਦੇਵ ਸੁੱਖਾ, ਸੋਨੂੰ ਸ਼ਰਮਾ, ਜੀਵਨ ਕੁਮਾਰ ਦੁੱਲਾ, ਸੁਨੀਲ ਕਾਲਾ, ਵਿਪਨ ਕੁਮਾਰ ਗੰਢੀ, ਪੁਨੀਤ ਕੁਮਾਰ ਗੋਇਲ, ਦਿਰੇਨ ਕੁਮਾਰ ਆਦਿ ਹਾਜ਼ਰ ਸਨ।

ਭਾਰਤ ਵਿਕਾਸ ਪ੍ਰੀਸ਼ਦ ਦੀ ਚੋਣ 'ਚ ਸੁਰੇਸ਼ ਬਾਂਸਲ ਪ੍ਰਧਾਨ ਬਣੇ

ਧੂਰੀ (ਸੁਖਦੇਵ ਧੂਰੀ)-ਭਾਰਤ ਵਿਕਾਸ ਪ੍ਰੀਸ਼ਦ 'ਸਵਾਮੀ ਵਿਵੇਕਾਨੰਦ ਸਾਖਾ' ਧੂਰੀ ਵੱਲੋਂ ਸਥਾਨਕ ਰਤਨਾ ਰਿਜ਼ੋਰਟ ਵਿਖੇ ਸਾਲਾਨਾ ਚੋਣ ਸੀਨੀਅਰ ਆਗੂ ਬਸੰਤ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੁਰੇਸ਼ ਬਾਂਸਲ ਪ੍ਰਧਾਨ, ਰਾਜੇਸ਼ ਕੁਮਾਰ ਜਨਰਲ ਸਕੱਤਰ ਤੇ ਚਮਨ ਕਾਂਸਲ ਨੂੰ ਖਜ਼ਾਨਚੀ ਦੇ ਅਹੁਦੇ ਲਈ ਸਰਬਸੰਮਤੀ ਨਾਲ ਚੁਣਿਆ ਗਿਆ। ਇਸ ਮੌਕੇ ਪ੍ਰਦੀਪ ਮਿੱਤਲ ਨੇ ਸਾਲਾਨਾ ਵਿੱਤ ਰਿਪੋਰਟ ਤੇ ਰਾਜ ਕੁਮਾਰ ਸਿੰਗਲਾ ਨੇ ਸਾਲ ਭਰ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ। ਕਮਲ ਮੋਦੀ ਤੇ ਰਾਕੇਸ਼ ਕੁਮਾਰ ਨੇ ਸੂਬਾਈ ਅਬਜ਼ਰਵਰਾਂ ਦੀ ਭੂਮਿਕਾ ਨਿਭਾਈ ਤੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸੂਬਾਈ ਮਹਿਲਾ ਪ੍ਰਧਾਨ ਡਾ: ਮੀਨਾ ਕੁਮਾਰੀ ਮਲਕੀਤ ਸਿੰਘ ਚਾਂਗਲੀ, ਸੰਦੀਪ ਤਾਇਲ ਜੱਲੀ, ਪ੍ਰੇਮ ਸ਼ਰਮਾ ਅਤੇ ਅਨੇਕ ਅਹੁਦੇਦਾਰ ਮੌਜੂਦ ਸਨ।

ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ)-ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਕਮੇਟੀ ਸੁਖਜੀਤ ਸਿੰਘ ਢਿੱਲਵਾਂ ਵੱਲੋਂ ਜ਼ਿਲ੍ਹੇ ਵਿੱਚ ਸਿੱਖਿਆ ਢਾਂਚੇ ਨੂੰ ਹੋਰ ਮਜਬੂਰ ਕਰਨ ਲਈ ਨਵੀਆਂ ਯੋਜਨਾਵਾਂ ਬਣਾਉਣ ਦੇ ਮਕਸਦ ਨਾਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਆ ਰਹੀਆਂ ਵੱਖ ਵੱਖ ਸਮੱਸਿਆਵਾਂ ਬਾਰੇ ਜਾਣੂ ਕਰਾਇਆ ਗਿਆ। ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨੇ ਸਿੱਖਿਆ ਵਿਭਾਗ ਨੂੰ ਨਵੀਆਂ ਕਮੇਟੀਆਂ ਬਣਾਉਣ ਦੇ ਆਦੇਸ਼ ਦਿੱਤੇ ਤਾਂ ਜੁ ਸਿੱਖਿਆ ਸਬੰਧੀ ਨਵੀਂਆਂ ਯੋਜਨਾਵਾਂ ਬਣਾ ਕੇ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਿਆ ਜਾ ਸਕੇ। ਉਨ੍ਹਾਂ ਸਿੱਖਿਆ ਵਿਭਾਗ ਵੱਲੋਂ ਦੱਸੀਆਂ ਸਮੱਸਿਆਵਾਂ ਦੇ ਜਲਦੀ ਨਿਪਟਾਰਾ ਕਰਾਉਣ ਲਈ ਉੱਚ ਅਧਿਕਾਰਾਂ ਨਾਲ ਤਾਲਮੇਲ ਕਰਨ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਮੇਤ ਸਿੱਖਿਆ ਵਿਭਾਗ ਦਾ ਸਮੂਹ ਸਟਾਫ਼ ਹਾਜ਼ਰ ਸੀ।

ਮੁੱਖ ਮੰਤਰੀ ਨੇ ਮੀਟਿੰਗ ਤੋਂ ਤੀਜੀ ਵਾਰ ਵੀ ਟਾਲਾ ਵੱਟਿਆ ਤਾਂ ਲੱਗੇਗਾ ਪੱਕਾ ਮੋਰਚਾ : ਗੋਰੀਆ

ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)

ਪੰਜਾਬ ਖੇਤ ਮਜ਼ਦੂਰ ਸਭਾ ਦੀ ਜ਼ਿਲ੍ਹਾ ਕਾਨਫਰੰਸ ਸੋਮਵਾਰ ਸਥਾਨਕ 'ਸ਼ਹੀਦ ਕਾਮਰੇਡ ਅਮੋਲਕ ਭਵਨ' ਵਿਖੇ ਜਗਤਾਰ ਸਿੰਘ ਭਾਣਾ ਅਤੇ ਹਰਪਾਲ ਸਿੰਘ ਮਚਾਕੀ ਦੀ ਪ੍ਰਧਾਨਗੀ ਹੇਠ ਹੋਈ। ਕਾਨਫਰੰਸ ਦੀ ਸ਼ੁਰੂਆਤ ਵਿੱਚ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਸ਼ੋਕ ਮਤਾ ਪੇਸ਼ ਕੀਤਾ ਅਤੇ ਜਥੇਬੰਦੀ ਦੇ ਵਿਛੜੇ ਸਾਥੀਆਂ ਅਤੇ ਤੁਰਕੀ-ਸੀਰੀਆ ਵਿੱਚ ਭੁਚਾਲ ਕਾਰਨ ਮਾਰੇ ਗਏ 42,000 ਮਨੁੱਖਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਗੋਰੀਆ, ਕਿਸਾਨ ਆਗੂ ਹਰਪਾਲ ਸਿੰਘ, ਵਿਦਿਆਰਥੀ ਆਗੂ ਗੁਰਪ੍ਰੀਤ ਸਿੰਘ ਅਤੇ ਨਰੇਗਾ ਮਜ਼ਦੂਰ ਯੂਨੀਅਨ ਦੇ ਗੋਰਾ ਸਿੰਘ ਪਿਪਲੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਗਰੀਬ ਵਰਗ ਖਾਸ ਕਰਕੇ ਖੇਤ ਮਜ਼ਦੂਰਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ, ਜਦਕਿ ਇਕ ਫੀਸਦੀ ਧਨਾਢ ਦੇਸ਼ ਦੀ 40 ਫੀਸਦੀ ਦੌਲਤ 'ਤੇ ਕਾਬਜ਼ ਹੋ ਗਏ ਹਨ। ਕੌਮੀ ਆਗੂ ਗੁਲਜਾਰ ਗੋਰੀਆ ਨੇ ਵਿਸਥਾਰ ਨਾਲ ਖੇਤ

ਮਜ਼ਦੂਰਾਂ ਦੀਆਂ ਮੰਗਾਂ ਅਤੇ ਮੁਸ਼ਕਲਾਂ 'ਤੇ ਰੋਸ਼ਨੀ ਪਾਉਂਦੇ ਹੋਏ ਤਿੱਖੇ ਸੰਘਰਸ਼ਾਂ ਲਈ ਤਿਆਰੀ ਕਰਨ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਖੇਤੀ ਸੰਬੰਧੀ ਨੀਤੀ ਲਿਆਉਣ ਵੇਲੇ ਖੇਤ ਮਜ਼ਦੂਰਾਂ ਖਾਸ ਕਰਕੇ ਮਜ਼ਦੂਰ ਭੈਣਾਂ ਦੇ ਯੋਗਦਾਨ ਨੂੰ ਚੇਤੇ ਨਾ ਰੱਖਿਆ ਅਤੇ ਵਾਰ-ਵਾਰ ਮੀਟਿੰਗਾਂ ਲਈ ਸਮਾਂ ਨਿਸਚਿਤ ਕਰਕੇ ਲੀਡਰਸ਼ਿਪ ਨਾਲ ਗੱਲਬਾਤ ਕਰਨ ਤੋਂ ਟਾਲਾ ਵੱਟਿਆ ਤਾਂ ਉਸ ਨੂੰ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਦੇਵੀ ਕੁਮਾਰੀ ਨੇ ਜ਼ਿਲ੍ਹੇ ਦੀ ਇੱਕ ਮਜ਼ਬੂਤ ਜਥੇਬੰਦੀ ਬਣਾਉਣ ਦਾ ਸੱਦਾ ਦਿੱਤਾ, ਜੋ ਮਰਹੂਮ ਕਾਮਰੇਡ ਰੁਲਦੂ ਖਾਨ ਅਤੇ ਸ਼ਹੀਦ ਅਮੋਲਕ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰ ਸਕੇ। ਇੱਕ ਮਤਾ ਪਾਸ ਕਰਕੇ ਮੋਦੀ ਸਰਕਾਰ ਵੱਲੋਂ ਮਨਰੇਗਾ ਦੇ ਬੱਜਟ ਵਿੱਚ ਤੇਤੀ ਫੀਸਦੀ ਕਟੌਤੀ ਕਰਨ ਦੀ ਸਖ਼ਤ ਨਿੰਦਾ ਕਰਦੇ ਹੋਏ ਪਿਛਲੇ ਸਾਲ ਤੋਂ ਵੱਧ ਬਜਟ ਦੀ ਮੰਗ ਕੀਤੀ। ਕਾਨਫਰੰਸ ਦੇ ਦੂਜੇ ਗੇੜ ਵਿੱਚ ਹਾਜ਼ਰ ਡੈਲੀਗੇਟਾਂ ਨੇ ਜ਼ਿਲ੍ਹੇ ਦੀਆਂ ਤਿੰਨ ਬਲਾਕ ਕਮੇਟੀਆਂ ਤੋਂ ਇਲਾਵਾ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ। ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਅਤੇ ਦਰਸ਼ਨ ਸਿੰਘ ਜਿਊਣਵਾਲਾ ਨੂੰ ਜਨਰਲ ਸਕੱਤਰ, ਭਲਵਿੰਦਰ ਸਿੰਘ ਔਲਖ਼ ਨੂੰ ਸਹਾਇਕ ਸਕੱਤਰ, ਜਗਤਾਰ ਸਿੰਘ ਭਾਣਾ ਨੂੰ ਮੀਤ ਪ੍ਰਧਾਨ, ਗੁਰਮੇਲ ਸਿੰਘ ਝੋਟੀਵਾਲਾ ਨੂੰ ਖਜ਼ਾਨਚੀ ਚੁਣਿਆ ਗਿਆ। ਕਾਨਫਰੰਸ ਨੂੰ ਸਫਲ ਬਣਾਉਣ ਲਈ ਭਰਾਤਰੀ ਜਥੇਬੰਦੀਆਂ ਖਾਸ ਕਰਕੇ ਪੰਜਾਬ ਇਸਤਰੀ ਸਭਾ ਦਾ ਧੰਨਵਾਦ ਕੀਤਾ ਗਿਆ।

ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਵਿਸ਼ਾਲ ਰੈਲੀ

ਅੱਜ ਪ੍ਰਮੁੱਖ ਸਕੱਤਰ ਤੇ 28 ਨੂੰ ਮੁੱਖ ਮੰਤਰੀ ਨਾਲ ਮੀਟਿੰਗ ਤੈਅ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਦੇ ਰੋਸ ਵਜੋਂ ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਸਥਾਨਕ 39 ਸੈਕਟਰ ਦੀ ਦਾਣਾ ਮੰਡੀ ਵਿੱਚ ਮਹਾਂ ਰੈਲੀ ਕੀਤੀ ਗਈ। ਸਾਂਝੇ ਫਰੰਟ ਵੱਲੋਂ ਰੈਲੀ ਤੋਂ ਬਾਅਦ ਪੰਜਾਬ ਦੇ ਕੈਬਨਿਟ ਮੰਤਰੀਆਂ ਦੀ ਰਿਹਾਇਸ਼ ਵੱਲ ਰੋਸ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ, ਜੋ ਕਿ 21 ਫਰਵਰੀ ਨੂੰ ਪ੍ਰਮੁੱਖ ਸਕੱਤਰ ਅਤੇ 28 ਫਰਵਰੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਤੈਅ ਹੋਣ ਤੋਂ ਬਾਅਦ ਮੁਲਤਵੀ ਕਰ ਦਿੱਤਾ ਗਿਆ।

ਇਸ ਮੌਕੇ ਪੰਜਾਬ ਦੇ ਕੋਨੇ

21-FEB-PAGE- 3.qxd 2/20/2023 10:40 PM Page 1

ਪੇਪਰਾਂ ਤੋਂ ਪਹਿਲਾਂ ਵਿਦਿਆਰਥੀ ਨੂੰ ਝੂਠੇ ਕੇਸ 'ਚ ਫਸਾਉਣ ਦਾ ਦੋਸ਼

ਚੋਹਲਾ ਸਾਹਿਬ (ਰਮਨ ਚੱਢਾ, ਹਰਪ੍ਰੀਤ ਸਿੰਘ)-ਇਥੋਂ ਨੇੜਲੇ ਪਿੰਡ ਰੱਤੋਕੇ ਦੇ ਵਸਨੀਕ ਸੁਖਵੰਤ ਸਿੰਘ ਪੁੱਤਰ ਕਾਬਲ ਸਿੰਘ ਨੇ ਆਪਣੇ ਖੇਤਾਂ ਵਿੱਚ ਬਣੇ ਘਰ ਵਿੱਚ ਪਰਿਵਾਰਕ ਮੈਂਬਰਾਂ ਪਿੰਡ ਦੇ ਪਤਵੰਤਿਆਂ ਤੇ ਇਲਾਕੇ ਦੇ ਪੰਚਾਂ ਸਰਪੰਚਾਂ ਦੀ ਹਾਜ਼ਰੀ 'ਚ ਪ੍ਰੈੱਸ ਕਾਨਫਰੰਸ ਵਿੱਚ ਬੜੇ ਭਰੇ ਮਨ ਨਾਲ ਦੱਸਿਆ ਕਿ ਉਨਾਂ ਦਾ ਪੁੱਤਰ ਅਮਰਜੀਤ ਸਿੰਘ ਜੋ 12ਵੀਂ ਜਮਾਤ ਦਾ ਵਿਦਿਆਰਥੀ ਹੈ, ਦਾ 20 ਫਰਵਰੀ ਨੂੰ ਪਹਿਲਾ ਪੇਪਰ ਸੀ ਜਿਸ ਦੀ ਉਸਨੇ ਦਿਨ ਰਾਤ ਪੜ੍ਹ ਕੇ ਤਿਆਰੀ ਕੀਤੀ ਸੀ ਤਾਂ ਜੋ ਚੰਗੇ ਨੰਬਰ ਲੈ ਕੇ ਆਈਲਟਸ ਦਾ ਟੈਸਟ ਪਾਸ ਕਰਕੇ ਉਹ ਵਿਦੇਸ਼ੀਂ ਮਿਹਨਤ ਮਜ਼ਦੂਰੀ ਕਰੇਗਾ ਪਰ 16 ਫਰਵਰੀ ਨੂੰ ਉਹ ਅਤੇ ਉਸਦਾ ਪਰਿਵਾਰ ਅਜੇ ਸਵੇਰ ਦੀ ਚਾਹ ਪਾਣੀ ਪੀ ਕੇ ਘਰ ਦੀ ਖੇਤੀ ਦਾ ਕੰਮ ਕਰ ਰਹੇ ਸੀ ਕਿ ਸੀਏ ਸਟਾਫ ਤਰਨਤਾਰਨ ਦੇ ਸਬ ਇੰਸ. ਸੁਰਜੀਤ ਸਿੰਘ ਤੇ ਏਐੱਸਆਈਮਹਿਲ ਸਿੰਘ ਦੀ ਅਗਵਾਈ 'ਚ ਭਾਰੀ ਪੁਲਿਸ ਪਾਰਟੀ ਉਸ ਦੇ ਪੁੱਤਰ ਅਮਰਜੀਤ ਸਿੰਘ ਚੁੱਕਣ ਲੱਗ ਗਈ। ਜਦ ਪਰਿਵਾਰ ਤੇ ਉਸ ਦੀ ਵੱਡੀ ਲੜਕੀ ਐਡਵੋਕੇਟ ਹਰਪਿੰਦਰ ਕੌਰ ਨੇ ਪੁਲਸ ਪਾਰਟੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਪੁੱਤਰ ਦਾ ਕਸੂਰ ਕੀ ਹੈ ਤਾਂ ਉਨ੍ਹਾਂ ਕਿਹਾ ਕਿ ਇੱਕ ਗੰਡੀਵਿੰਡ ਪਿੰਡ ਦਾ ਨਸ਼ਾ ਸਮੱਗਲਰ ਸਾਡੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ ਜਿਸਨੇ ਕਿਹਾ ਕਿ ਤੁਹਾਡੇ ਪੁੱਤਰ ਨੇ ਉਸ ਤੋਂ ਨਸ਼ਾ ਖਰੀਦਿਆ ਹੈ।

ਇਸਦੀ ਪੁਛਗਿੱਛ ਕਰਕੇ ਇਸਨੂੰ ਦੁਪਹਿਰ ਵੇਲੇ ਛੱਡ ਦਿਆਂਗੇ। ਇਹ ਵਾਅਦਾ ਕਰਕੇ ਪੁਲਸ ਨੌਜਵਾਨ ਨੂੰ ਨਾਲ ਲੈ ਗਈ। ਜਦ ਦੁਪਹਿਰ ਸਮੇਂ ਸੁਖਵੰਤ ਸਿੰਘ ਆਪਣੇ ਪਿੰਡ ਤੇ ਪਤਵੰਤਿਆਂ ਨੂੰ ਲੈ ਕੇ ਆਪਣੇ ਪੁੱਤਰ ਨੂੰ ਲੈਣ ਗਿਆ ਤਾਂ ਪੁਲਸ ਨੇ ਬਹਾਨਾ ਬਣਾ ਕੇ ਕਿਹਾ ਕਿ ਕੱਲ ਆ ਜਾਇਓ। ਇਸ ਸਮੇਂ ਸੁਖਵੰਤ ਸਿੰਘ ਨੇ ਦੱਸਿਆ ਕਿ ਉਸਨੂੰ ਕਿਸੇ ਨਾ ਕਿਸੇ ਤਰ੍ਹਾਂ ਪਤਾ ਲੱਗਾ ਕਿ ਉਸਦੇ ਪੁੱਤਰ ਨੂੰ ਪੁਲਸ ਕਿਸੇ ਕੇਸ ਵਿੱਚ ਫਸਾਉਣਾ ਚਾਹੁੰਦੀ ਹੈ ਤਾਂ ਉਨ੍ਹਾਂ ਉਸੇ ਸਮੇਂ ਆਲਾ ਪੁਲਸ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਨੂੰ ਦਰਖਾਸਤਾਂ ਲਿਖ ਕੇ ਰਜਿਸਟਰਡ ਡਾਕ ਰਾਹੀਂ ਭੇਜੀਆਂ। ਉਹੋ ਗੱਲ ਹੋਈ ਕਿ 19 ਫਰਵਰੀ ਦੀ ਰਾਤ ਨੂੰ ਸੀਏ ਸਟਾਫ ਨੇ ਆਏ ਪਤਵੰਤਿਆਂ ਨੂੰ ਕਿਹਾ ਕਿ ਅਸੀਂ ਉਸਨੂੰ ਹਰੀਕੇ ਪੁਲਸ ਥਾਣੇ ਭੇਜ ਦਿੱਤਾ ਹੈ। ਸੁਖਵੰਤ ਸਿੰਘ ਨੇ ਦੱਸਿਆ ਕਿ ਉਹ ਤੇ ਪਤਵੰਤੇ ਜਦੋਂ ਰਾਤ ਨੂੰ ਹੀ ਹਰੀਕੇ ਥਾਣੇ ਪੁੱਜੇ ਤਾਂ ਪਤਾ ਕੀਤਾ ਤਾਂ ਪੁਲਸ ਥਾਣਾ ਮੁਖੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਤੁਹਾਡੇ ਮੁੰਡੇ ਦੇ ਸਬੰਧ ਨਾਮਵਰ ਅੱਤਵਾਦੀ ਨਾਲ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਲੜਕੇ ਨੂੰ ਝੂਠੇ ਪੁਲਸ ਕੇਸ ਵਿੱਚ ਫਸਾਇਆ ਜਾ ਰਿਹਾ ਹੈ ਜਦਕਿ ਉਨ੍ਹਾਂ ਦਾ ਲੜਕਾ ਬੇਕਸੂਰ ਹੈ ਅਤੇ ਵਿਦਿਆਰਥੀ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਪੇਪਰ ਦੇ ਸਕੇ। ਇਸ ਸਮੇਂ ਪੁਲਸ ਥਾਣਾ ਹਰੀਕੇ ਹਰਪ੍ਰੀਤ ਸਿੰਘ ਨਾਲ ਅਤੇ ਸੀਏਸਟਾਫ ਸਬ ਇੰਸਪੈਕਟਰ ਸੁਰਜੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉੱਚ ਅਧਿਕਾਰੀਆਂ ਦੇ ਕਹਿਣ 'ਤੇ ਹੀ ਕਾਰਵਾਈ ਹੋਈ ਹੈ ਅਤੇ ਉਹ ਬਿਨਾਂ ਕਿਸੇ ਕਸੂਰ ਤੋਂ ਕਿਸੇ ਨੂੰ ਵੀ ਤੰਗ ਪ੍ਰੇਸ਼ਾਨ ਨਹੀਂ ਕਰਦੇ। ਜੋ ਗਲਤ ਹੈ ਉਸਦੇ ਖਿਲਾਫ ਹੀ ਕਾਰਵਾਈ ਕੀਤੀ ਜਾਂਦੀ ਹੈ।

ਜਗਦੇਵ ਕਲਾਂ ਦੀ ਟੀਮ ਨੇ ਜਿੱਤਿਆ ਵਾਲੀਬਾਲ ਟੂਰਨਾਮੈਂਟ

ਅੱਡਾ ਸਰਾਂ, (ਕਾਜਲ)

ਦਸਮੇਸ਼ ਸਪੋਰਟਸ ਕਲੱਬ ਵੱਲੋਂ ਪਿੰਡ ਬੀਰਮਪੁਰ ਵਿੱਚ 15ਵਾਂ ਸਾਲਾਨਾ ਦੋ ਰੋਜ਼ਾ ਸੂਬਾ ਪੱਧਰੀ ਪੇਂਡੂ ਵਾਲੀਬਾਲ ਟੂਰਨਾਮੈਂਟ ਵਿੱਚ ਜਗਦੇਵ ਕਲਾ ਦੀ ਟੀਮ ਜੇਤੂ ਰਹੀ। ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪ੍ਰਵਾਸੀ ਪੰਜਾਬੀਆਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮੁੱਖ ਸਪਾਂਸਰ ਗੁਰਦਰਸ਼ਨ ਸਿੰਘ ਕੈਨੇਡਾ ਦੀ ਪ੍ਰਧਾਨਗੀ ਵਿੱਚ ਕਰਵਾਏ ਗਏ ਇਸ ਟੂਰਨਾਮੈਂਟ ਸੂਬੇ ਭਰ ਤੋਂ ਆਇਆ ਟੀਮਾਂ ਨੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਇਸ ਦੌਰਾਨ ਫਾਈਨਲ ਮੁਕਾਬਲੇ ਵਿਚ ਜਗਦੇਵ ਕਲਾ ਦੀ ਟੀਮ ਨੇ ਮੇਜ਼ਬਾਨ ਬੀਰਮਪੁਰ ਦੀ ਟੀਮ ਨੂੰ ਹਰਾਇਆ। ਇਸੇ ਤਰ੍ਹਾਂ ਮਹਿਮੂਦਪੁਰ ਬਟਾਲਾ ਦੀ ਟੀਮ ਤੀਜੇ ਅਤੇ ਸਰਹਾਲਾ ਦੀ ਟੀਮ ਚੌਥੇ ਸਥਾਨ 'ਤੇ ਰਹੀ। ਟੂਰਨਾਮੈਂਟ ਦੀ ਸਮਾਪਤੀ ਤੇ ਇਨਾਮਾਂ ਦੀ ਵੰਡ ਅਰਜੁਨ ਅਵਾਰਡੀ ਏਸ਼ੀਅਨ ਰਿਕਾਰਡ ਹੋਲਡਰ ਵੇਟ ਲਿਫਟਰ ਤਾਰਾ ਸਿੰਘ, ਇੰਟਰਨੈਸ਼ਨਲ ਵੇਟ ਲਿਫਟਰ ਹਰਦੀਪ ਸਿੰਘ ਦੀਪਾ, ਅਜਾਇਬ ਸਿੰਘ ਗਰਚਾ ਤੇ ਜਗਰੂਪ ਸਿੰਘ ਜਰਖੜ, ਸਰਪੰਚ ਸੁਰਿੰਦਰ ਕੌਰ, ਹਰਭਜਨ ਸਿੰਘ ਸਵਿਟਜਰਲੈਂਡ, ਸੁਰਜੀਤ ਸਿੰਘ ਸੇਵਾ-ਮੁਕਤ ਜੀ ਐੱਮ ਅਤੇ ਪੱਤਰਕਾਰ ਯਾਦਵਿੰਦਰ ਸਿੰਘ ਨੇ ਕੀਤੀ। ਇਸ ਦੌਰਾਨ ਜੇਤੂ ਟੀਮ ਨੂੰ 51 ਹਜ਼ਾਰ ਰੁਪਏ ਦਾ ਨਗਦ ਇਨਾਮ ਅਤੇ ਟ੍ਰਾਫੀ ਦਿੱਤੀ ਗਈ। ਉਪ ਜੇਤੂ ਟੀਮ ਨੂੰ 31 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਗਿਆ।

ਇਸ ਦੌਰਾਨ ਬੈਸਟ ਪਲੇਅਰ ਵਜੋਂ ਹਰਦੀਪ ਚੌਧਰੀ ਨੂੰ ਚੁਣਿਆ ਗਿਆ। ਵਧੀਆ ਪ੍ਰਦਰਸ਼ਨ ਕਰਨ ਵਾਲੇ ਵੱਖ ਵੱਖ ਟੀਮਾਂ ਦੇ ਖਿਡਾਰੀਆਂ ਮਨਵੀਰ ਮੰਨਾ ਜਗਦੇਵ ਕਲਾ, ਹਰਦੀਪ ਬਾਬਕ, ਜੱਗਾ, ਰਾਹੀਂ, ਸਿੰਮੂ, ਬਲਜੀਤ ਲੱਖਾ, ਰੋਹਿਤ, ਹਰਦੀਪ ਦੀਪੂ ਅਤੇ ਜੱਸਾ ਬਾਬਾ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਪ੍ਰਬੰਧਕਾਂ ਨੇ ਇਸ ਮੌਕੇ ਟੂਰਨਾਮੈਂਟ ਵਿੱਚ ਸਹਿਯੋਗ ਕਰਨ ਵਾਲੀਆਂ ਹਸਤੀਆਂ ਅਤੇ ਖੇਡ ਪ੍ਰਮੋਟਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਥਾਣੇਦਾਰ ਮਨਜੀਤ ਸਿੰਘ, ਚਰਨਪ੍ਰੀਤ ਸਿੰਘ ਕੁਲਦੀਪ ਸਿੰਘ, ਸੂਬੇਦਾਰ ਇੰਦਰਜੀਤ ਸਿੰਘ, ਜਤਿੰਦਰਪਾਲ ਸਿੰਘ, ਬਲਜਿੰਦਰ ਭਿੰਡਰ, ਹਰਦਿਆਲ ਸਿੰਘ, ਮਨਪ੍ਰੀਤ ਸਿੰਘ ਦੇਹਰੀਵਾਲ, ਮਨਜੀਤ ਸਿੰਘ, ਸੁਖਦੇਵ ਸਿੰਘ, ਹਰਜੀਤ ਸਿੰਘ, ਪ੍ਰਿੰਸੀਪਲ ਅਰਮਨਪ੍ਰੀਤ ਸਿੰਘ, ਦੀਪੂ, ਵਿਸ਼ਾਲ ਸਿੰਘ, ਗੋਪੀ, ਗੁਰਕੀਰਤ ਸਿੰਘ ਗੀਤੀ, ਅਮਨਦੀਪ ਸਿੰਘ ਅਮਨ, ਨਿਰਮਲਜੀਤ ਸਿੰਘ ਕਾਕਾ ਅਤੇ ਕਲੱਬ ਦੀ ਸਮੂਹ ਟੀਮ ਮੌਜੂਦ ਸੀ।

ਕਾਂਗਰਸ ਨੂੰ ਤਗੜਾ ਝਟਕਾ, ਅਨੂਪ ਸਿੰਘ ਭੁੱਲਰ ਭਾਜਪਾ 'ਚ ਸ਼ਾਮਲ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਾਂਗਰਸ ਪਾਰਟੀ ਨੂੰ ਜ਼ਿਲ੍ਹਾ ਤਰਨਤਾਰਨ 'ਚ ਉਸ ਸਮੇਂ ਤਗੜਾ ਝਟਕਾ ਲੱਗਾ ਜਦੋਂ ਪਾਰਟੀ ਦੇ ਜਨਰਲ ਸਕੱਤਰ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਨੂਪ ਸਿੰਘ ਭੁੱਲਰ ਭਾਜਪਾ 'ਚ ਸ਼ਾਮਲ ਹੋ ਗਏ। ਅਨੂਪ ਸਿੰਘ ਭੁੱਲਰ ਨੂੰ ਕੇਂਦਰੀ ਮੰਤਰੀ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਗਜੇਂਦਰ ਸਿੰਘ ਸੇਖਾਵਤ ਅਤੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਭਾਜਪਾ ਵਿੱਚ ਸਾਮਲ ਕਰਦਿਆਂ ਜੀ ਆਇਆਂ ਆਖਿਆ। ਇੱਥੇ ਇਹ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਅਨੂਪ ਸਿੰਘ ਭੁੱਲਰ ਸਾਬਕਾ ਸਿੰਚਾਈ ਮੰਤਰੀ ਗੁਰਚੇਤ ਸਿੰਘ ਭੁੱਲਰ ਦੇ ਸਪੁੱਤਰ ਅਤੇ ਹਲਕਾ ਖੇਮਕਰਨ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਦੇ ਵੱਡੇ ਭਰਾ ਹਨ। ਜੇਕਰ ਅਨੂਪ ਸਿੰਘ ਭੁੱਲਰ ਦੇ ਸਿਆਸੀ ਸਫਰ 'ਤੇ ਝਾਤ ਮਾਰੀਏ ਤਾਂ ਉਨ੍ਹਾਂ ਨੇ ਫਤਹਿ ਫਾਊਂਡੇਸ਼ਨ ਦਾ ਨਿਰਮਾਣ ਕਰਕੇ ਹਲਕੇ ਅੰਦਰ ਨਸ਼ਿਆਂ ਦੇ ਆਦੀ ਨੌਜਵਾਨਾਂ ਦਾ ਇਲਾਜ ਕਰਵਾਇਆ ਅਤੇ ਨੌਜਵਾਨਾਂ ਨੂੰ ਨੁੱਕੜ ਨਾਟਕਾਂ ਰਾਹੀਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ 2017 ਤੋਂ ਪਹਿਲਾਂ ਹਲਕੇ ਅੰਦਰ ਨਸੇ ਦੇ ਮੁੱਦੇ 'ਤੇ ਅਕਾਲੀਦਲ ਨੂੰ ਘੇਰਿਆ। ਸਿਆਸੀ ਮਾਹਿਰਾਂ ਅਨੁਸਾਰ ਅਨੂਪ ਸਿੰਘ ਭੁੱਲਰ ਵੱਲੋਂ ਹਲਕੇ 'ਚ ਕੀਤੇ ਗਏ ਚੰਗੇ ਕੰਮਾਂ ਸਦਕਾ ਹਲਕੇ ਅੰਦਰ ਕਾਂਗਰਸ ਪਾਰਟੀ ਦਾ ਪਲੜਾ ਦੂਸਰੀਆਂ ਪਾਰਟੀਆਂ ਦੇ ਮੁਕਾਬਲੇ ਭਾਰੀ ਨਜ਼ਰ ਆਇਆ। ਅਨੂਪ ਭੁੱਲਰ ਵਿਧਾਨ ਸਭਾ ਚੋਣਾਂ 2017 ਲਈ ਹਲਕਾ ਖੇਮਕਰਨ ਤੋਂ ਕਾਂਗਰਸ ਪਾਰਟੀ ਦੇ ਮੁੱਖ ਦਾਅਵੇਦਾਰ ਸਨ, ਪਰ ਪਾਰਟੀ ਵੱਲੋਂ ਟਿਕਟ ਉਨ੍ਹਾਂ ਦੇ ਛੋਟੇ ਭਰਾ ਸੁਖਪਾਲ ਸਿੰਘ ਭੁੱਲਰ ਨੂੰ ਦੇ ਦਿੱਤੀ ਗਈ ਅਤੇ ਅਨੂਪ ਸਿੰਘ ਭੁੱਲਰ ਵੱਲੋਂ ਤਿਆਰ ਕੀਤੀ ਗਈ ਲਹਿਰ 'ਤੇ ਸਵਾਰ ਹੋ ਕੇ ਸੁਖਪਾਲ ਸਿੰਘ ਭੁੱਲਰ ਵੱਲੋਂ ਵਿਧਾਨ ਸਭਾ ਚੋਣਾਂ 2017 'ਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਗਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਨੂਪ ਸਿੰਘ ਭੁੱਲਰ ਨੇ ਕਿਹਾ ਕਿ ਉਹ ਪਾਰਟੀ ਨੂੰ ਹਲਕੇ 'ਚ ਮਜਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਭਾਜਪਾ ਆਗੂ ਸਦਾਨੰਦ ਚੋਪੜਾ, ਡਾ. ਰਾਜ ਕੁਮਾਰ ਵੇਰਕਾ, ਜ਼ਿਲ੍ਹਾ ਤਰਨਤਾਰਨ ਤੋਂ ਪ੍ਰਧਾਨ ਹਰਜੀਤ ਸਿੰਘ ਸੰਧੂ, ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ ਮਨਜੀਤ ਸਿੰਘ ਮੰਨਾਂ, ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਸ਼ਹਿਰੀ ਹਰਵਿੰਦਰ ਸਿੰਘ ਸੰਧੂ, ਜਨਰਲ ਸਕੱਤਰ ਬਿਕਰਮਜੀਤ ਸਿੰਘ, ਰਾਜ ਕੁਮਾਰ ਚੋਪੜਾ, ਸੰਦੀਪ ਚੋਪੜਾ, ਰਿਤੇਸ਼ ਚੋਪੜਾ, ਸੁਰੇਸ਼ ਕੁਮਾਰ ਪਿੰਕਾ ਅਲਗੋਂ ਕੋਠੀ ਆਦਿ ਪਾਰਟੀ ਵਰਕਰ ਹਾਜ਼ਰ ਸਨ।

ਸੰਗਤਾਂ ਨੇ ਬੜੀ ਸ਼ਰਧਾ ਨਾਲ ਮਨਾਇਆ ਮੱਸਿਆ ਦਾ ਦਿਹਾੜਾ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਜਿਲੇ ਦੇ ਪ੍ਰਸਿੱਧ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦ ਬੀਬੀ ਸੁੰਦਰੀ ਕਮੇਟੀ ਵਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਫੱਗਣ ਮਹੀਨੇ ਦੀ ਮੱਸਿਆ ਦਾ ਸ਼ੁੱਭ ਦਿਹਾੜਾ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਗਿਆ। ਇਸ ਸਬੰਧੀ ਜਾਂਣਕਾਰੀ ਦਿੰਦੇ ਹੋਏ ਮੁੱਖ ਸੇਵਾਦਾਰ ਭਾਈ ਕਸ਼ਮੀਰ ਸਿੰਘ, ਭਾਈ ਨਰਿੰਦਰ ਸਿੰਘ ਫੌਜੀ ਅਤੇ ਕੋਰ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਮੱਸਿਆ ਦੇ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸ਼ਰਧਾਲੂਆਂ ਸਵੇਰੇ ਤੋਂ ਸਰੋਵਰ ਵਿਚ ਇਸ਼ਨਾਨ ਕਰਕੇ ਗੁਰਦੁਆਰਾ ਸਾਹਿਬ ਨਤਮਸਤਕ ਹੋ ਰਹੇ ਸਨ। ਗੁਰਦੁਆਰਾ ਸਾਹਿਬ ਵਿਖੇ ਸਿੰਘ ਸਾਹਿਬ ਗਿਆਨੀ ਭਾਈ ਮਾਨ ਸਿੰਘ ਸਾਬਕਾ ਹੈਡ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਇਕ ਘੰਟਾ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂਆਂ ਦੇ ਇਤਿਹਾਸ ਬਾਰੇ ਜਾਣੂਕਰਵਾਇਆ ਅਤੇ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸੰਗਤਾਂ ਨੂੰ ਕਿਹਾ ਕਿ ਜੋ ਲੋਕ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢਦੇ ਹਨ ਉਹ ਹਮੇਸ਼ਾ ਚੜ੍ਹਦੀਕਲਾ ਵਿਚ ਰਹਿੰਦੇ ਹਨ। ਗਿਆਨੀ ਭਾਈ ਮਾਨ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਸੰਗਤਾਂ ਵਾਸਤੇ ਅਤੁੱਟ ਲੰਗਰ ਵਰਤਾਏ ਗਏ।

ਮਜੀਠਾ ਹਲਕੇ 'ਚ ਵਿਕਾਸ ਪੱਖੋਂ ਕੋਈ ਕਮੀ ਨਹੀਂ ਰਹਿਣ ਦਿਆਂਗੇ: ਧਾਲੀਵਾਲ

ਵੱਖ-ਵੱਖ ਪਾਰਟੀਆਂ ਦੇ 40 ਦੇ ਕਰੀਬ ਸਰਪੰਚਾਂ ਵੱਲੋਂ 'ਆਪ' 'ਚ ਸ਼ਮੂਲੀਅਤ

ਮਜੀਠਾ (ਸੋਇਮ ਆਨੰਦ)-ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਅਗਵਾਈ ਵਿਚ ਦਾਣਾ ਮੰਡੀ ਮਜੀਠਾ ਵਿਖੇ ਹਲਕਾ ਮਜੀਠਾ ਦੇ ਆਪ ਆਗੂਆਂ ਤੇ ਵਰਕਰਾਂ ਦਾ ਇੱਕ ਭਰਵਾਂ ਇਕੱਠ ਕੀਤਾ ਗਿਆ, ਜਿਸ ਵਿਚ ਹਲਕਾ ਮਜੀਠਾ ਤੋਂ ਵੱਖ ਵੱਖ ਪਾਰਟੀਆਂ ਦੇ 40 ਦੇ ਕਰੀਬ ਸਰਪੰਚਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕੀਤਾ ਗਿਆ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਪਹੁੰਚੇ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਤੇ ਪਾਰਟੀ ਅੰਦਰ ਬਣਦਾ ਮਾਣ ਸਨਮਾਨ ਦੇਣ ਦਾ ਭਰੋਸਾ ਦਿੱਤਾ। ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਜਿਥੇ ਮੰਤਰੀ ਧਾਲੀਵਾਲ ਨੇ ਹਲਕਾ ਮਜੀਠਾ ਦੇ ਆਪ ਵਰਕਰਾਂ ਤੇ ਆਗੂਆਂ ਨੂੰ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਅਗਵਾਈ ਵਿਚ ਚੱਲਣ ਦਾ ਸੱਦਾ ਦਿੱਤਾ, ਉਥੇ ਹੀ ਉਨ੍ਹਾਂ ਕਿਹਾ ਕਿ ਹਲਕੇ ਦੇ ਵਿਕਾਸ ਕਾਰਜਾਂ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀਂ ਨਹੀ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਨੇ ਦੇ ਕਾਰਜਕਾਲ ਸਮੇਂ ਦੋ ਫਸਲਾਂ ਚੁੱਕੀਆਂ ਗਈਆਂ ਜਿਨ੍ਹਾਂ ਦੀ ਪੇਮੈਂਟ 24 ਘੰਟਿਆਂ ਦੇ ਅੰਦਰ ਅੰਦਰ ਕਿਸਾਨਾਂ ਨੂੰ ਅਦਾ ਕੀਤਾ ਗਈ।

ਉਪਰੰਤ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਦੇ ਸਮੇਂ ਵਿਚ ਕਿਸੇ ਵੀ ਭ੍ਰਿਸ਼ਟਾਚਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ ਭਾਵੇਂ ਕੋਈ ਵਿਧਾਇਕ ਜਾਂ ਆਗੂ ਹੀ ਕਿਉਂ ਨਾ ਹੋਵੇ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਹੁਣ ਤੱਕ 10 ਹਜ਼ਾਰ ਏਕੜ ਨਜਾਇਜ਼ ਕਬਜ਼ਾਧਾਰੀਆਂ ਕੋਲੋਂ ਛੁਡਵਾਇਆ ਗਿਆ, ਜੋ ਮੁਹਿਮ ਨਿਰੰਤਰ ਜਾਰੀ ਰਹੇਗੀ ਕਣਕ ਦੀ ਫਸਲ ਦੀ ਕਟਾਈ ਹੋਣ ਤੋਂ ਬਾਅਦ ਬਾਕੀ ਨਜਾਇਜ਼ ਕਾਬਜ਼ ਜ਼ਮੀਨ ਵੀ ਛੁਡਵਾਈ ਜਾਵੇਗੀ।

'ਆਪ'

21-Feb-PAGE-4.qxd 2/20/2023 10:39 PM Page 1

ਨਵਾਂ ਜ਼ਮਾਨਾ
ਮੰਗਲਵਾਰ, 21 ਫਰਵਰੀ 2023

ਫੋਕਾ ਨਾਅਰਾ

ਨਿੱਤ ਨਵੇਂ ਨਾਅਰੇ ਘੜਨ ਵਿਚ ਮਾਹਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਕ ਨਾਅਰਾ 'ਜੈ ਵਿਗਿਆਨ, ਜੈ ਅਨੁਸੰਧਾਨ' ਵੀ ਹੈ, ਪਰ ਅਨੁਸੰਧਾਨ (ਖੋਜ) ਅਦਾਰਿਆਂ ਦੀ ਹਾਲਤ ਏਨੀ ਨਿੱਘਰ ਗਈ ਹੈ ਕਿ ਦੇਸ਼ ਭਰ 'ਚ ਆਈ ਆਈ ਐੱਸ ਈ ਆਰ, ਆਈ ਆਈ ਟੀ ਤੇ ਐੱਨ ਆਈ ਟੀ ਵਰਗੇ ਵਕਾਰੀ ਅਦਾਰਿਆਂ ਦੇ ਰਿਸਰਚ ਸਕਾਲਰ ਫੈਲੋਸ਼ਿਪ ਵਿਚ ਵਾਧੇ ਤੇ ਹੋਰਨਾਂ ਮੰਗਾਂ ਨੂੰ ਲੈ ਕੇ 17 ਫਰਵਰੀ ਨੂੰ ਧਰਨੇ-ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਗਏ। ਆਲ ਇੰਡੀਆ ਰਿਸਰਚ ਸਕਾਲਰਜ਼ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਫੈਲੋਸ਼ਿਪ ਵਿਚ ਵਾਧੇ ਸਣੇ ਤਿੰਨ ਮੁੱਖ ਮੰਗਾਂ ਨੂੰ ਲੈ ਕੇ ਉਹ ਉੱਚ ਸਿੱਖਿਆ ਅਤੇ ਵਿਗਿਆਨ ਤੇ ਤਕਨਾਲੋਜੀ ਵਿਭਾਗ ਦੇ ਸਕੱਤਰ ਨੂੰ ਪਹਿਲਾਂ ਵੀ ਬੇਨਤੀ ਕਰ ਚੁੱਕੇ ਹਨ। ਇਨ੍ਹਾਂ ਮੰਗਾਂ 'ਤੇ 2018 ਵਿਚ ਹੋਈ ਬੈਠਕ ਵਿਚ ਭਰੋਸਾ ਦਿੱਤਾ ਗਿਆ ਸੀ ਕਿ ਸਕਾਲਰਾਂ ਨੂੰ ਅੰਦੋਲਨ ਕਰਨ ਦੀ ਲੋੜ ਨਹੀਂ ਹੋਵੇਗੀ ਤੇ ਉਨ੍ਹਾਂ ਦੀਆਂ ਮੰਗਾਂ ਪਹਿਲਾਂ ਹੀ ਪੂਰੀਆਂ ਕਰ ਦਿੱਤੀਆਂ ਜਾਣਗੀਆਂ, ਪਰ ਅਜੇ ਤੱਕ ਇੰਜ ਨਹੀਂ ਹੋਇਆ। ਐਸੋਸੀਏਸ਼ਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਰ ਚਾਰ ਸਾਲ ਬਾਅਦ ਵਿਗਿਆਨ ਤੇ ਤਕਨਾਲੋਜੀ ਵਿਭਾਗ ਦੇ ਦਰਵਾਜ਼ੇ 'ਤੇ ਦਸਤਕ ਦੇਣੀ ਪੈਂਦੀ ਹੈ। ਉਹ ਪਿਛਲੇ ਛੇ ਮਹੀਨਿਆਂ ਤੋਂ ਮੰਗਾਂ ਬਾਰੇ ਹੁੰਗਾਰਾ ਉਡੀਕ ਰਹੇ ਹਨ, ਪਰ ਕੋਈ ਹੁੰਗਾਰਾ ਨਹੀਂ ਮਿਲਿਆ। ਆਖਰ ਉਨ੍ਹਾਂ ਨੂੰ ਪ੍ਰਯੋਗਸ਼ਾਲਾਵਾਂ ਤੋਂ ਬਾਹਰ ਨਿਕਲ ਕੇ ਪ੍ਰਦਰਸ਼ਨ ਕਰਨਾ ਪਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਆਤਮ-ਨਿਰਭਰ ਭਾਰਤ ਦੀ ਕਲਪਨਾ ਨੂੰ ਸਾਕਾਰ ਕਰਨ ਲਈ ਖੋਜ ਅਦਾਰਿਆਂ ਵਿਚ ਸਿਹਤਮੰਦ ਮਾਹੌਲ ਦੀ ਲੋੜ ਹੈ। ਜੈ ਵਿਗਿਆਨ ਤੇ ਜੈ ਅਨੁਸੰਧਾਨ ਦੇ ਨਾਅਰੇ ਨਾਲ ਹੀ ਗੱਲ ਨਹੀਂ ਬਣਨੀ। ਸਕਾਲਰਾਂ ਨੇ ਪ੍ਰਧਾਨ ਮੰਤਰੀ, ਕੇਂਦਰੀ ਸਿੱਖਿਆ ਮੰਤਰੀ, ਕੇਂਦਰੀ ਵਿਗਿਆਨ ਤੇ ਤਕਨਾਲੋਜੀ ਮੰਤਰੀ ਅਤੇ ਆਪਣੇ ਅਦਾਰਿਆਂ ਦੇ ਡਾਇਰੈਕਟਰਾਂ ਦੇ ਨਾਂਅ ਮੈਮੋਰੈਂਡਮ ਵਿਚ ਕਿਹਾ ਹੈ ਕਿ ਸਕਾਲਰਾਂ ਦੀ ਹਾਲਤ ਬਦ ਤੋਂ ਬਦਲਰ ਹੁੰਦੀ ਜਾ ਰਹੀ ਹੈ। ਸਰਕਾਰ ਇਸ ਪਾਸੇ ਤੁਰੰਤ ਧਿਆਨ ਦੇਵੇ। ਹਾਲ ਹੀ ਵਿਚ ਐੱਮ ਏ ਐੱਮ ਆਈ ਟੀ ਭੋਪਾਲ, ਆਈ ਆਈ ਐੱਸ ਈ ਆਰ ਪੁਣੇ ਤੇ ਬੀ ਐੱਚ ਯੂ ਵਰਗੇ ਨਾਮੀ ਅਦਾਰਿਆਂ ਵਿਚ ਖੁਦਕੁਸ਼ੀਆਂ ਤੇ ਹਰਾਸਮੈਂਟ ਦੇ ਮਾਮਲੇ ਦਰਜ ਹੋਏ ਹਨ, ਇਸ ਦੇ ਬਾਵਜੂਦ ਅਦਾਰਿਆਂ ਨੇ ਦੋਸ਼ੀਆਂ 'ਤੇ ਕੋਈ ਕਾਰਵਾਈ ਨਹੀਂ ਕੀਤੀ। ਪਿਛਲੇ ਪੰਜ ਸਾਲਾਂ ਵਿਚ ਕਈ ਸਕਾਲਰਾਂ ਨੇ ਖੁਦਕੁਸ਼ੀ ਕੀਤੀ ਹੈ, ਕਿਉਂਕਿ ਉਨ੍ਹਾਂ ਦਾ ਮਾਨਸਕ, ਸਰੀਰਕ ਤੇ ਬੌਧਿਕ ਸ਼ੋਸ਼ਣ ਹੋ ਰਿਹਾ ਸੀ। ਇਸ ਦੇ ਨਾਲ ਹੀ ਸੁਪਰਵਾਈਜ਼ਰਾਂ ਤੇ ਪ੍ਰੋਫੈਸਰਾਂ ਦੀਆਂ ਮਨਮਾਨੀਆਂ ਵਧ ਰਹੀਆਂ ਹਨ। 2019 ਤੋਂ ਬਾਅਦ ਫੈਲੋਸ਼ਿਪ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ, ਜਦਕਿ ਮਹਿੰਗਾਈ ਵਿਚ ਭਾਰੀ ਵਾਧਾ ਹੋਇਆ ਹੈ। ਇਸ ਵੇਲੇ ਜੂਨੀਅਰ ਰਿਸਰਚ ਫੈਲੋਸ਼ਿਪ ਦੇ ਸਕਾਲਰਾਂ ਨੂੰ 31 ਹਜ਼ਾਰ ਰੁਪਏ ਤੇ ਸੀਨੀਅਰ ਸਕਾਲਰਾਂ ਨੂੰ 35 ਹਜ਼ਾਰ ਰੁਪਏ ਮਿਲਦੇ ਹਨ। ਇਸ ਵਿਚ 62 ਫੀਸਦੀ ਵਾਧੇ ਦੇ ਨਾਲ-ਨਾਲ 16 ਤੋਂ 21 ਫੀਸਦੀ ਹਾਊਸ ਰੈਂਟ ਮਿਲਣਾ ਚਾਹੀਦਾ ਹੈ। ਪੂਰੇ ਪੰਜ ਸਾਲ ਬਿਨਾਂ ਰੁਕਾਵਟ ਦੇ ਫੈਲੋਸ਼ਿਪ ਮਿਲਣੀ ਚਾਹੀਦੀ ਹੈ। ਸੁਪਰਵਾਈਜ਼ਰ ਇਨ੍ਹਾਂ ਤੋਂ ਰਿਸਰਚ ਦੇ ਇਲਾਵਾ ਕੋਈ ਹੋਰ ਘਰੇਲੂ ਤੇ ਨਿੱਜੀ ਕੰਮ ਨਾ ਕਰਾਉਣ। ਸਰੀਰਕ ਤੇ ਮਾਨਸਕ ਸ਼ੋਸ਼ਣ ਕਰਨ ਵਾਲਿਆਂ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ। ਸਕਾਲਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਸਰਕਾਰ ਨੇ ਹੁਣ ਵੀ ਕੋਈ ਸੁਣਵਾਈ ਨਾ ਕੀਤੀ ਤਾਂ ਉਹ ਕੌਮੀ ਰਾਜਧਾਨੀ ਵਿਚ ਜੰਤਰ-ਮੰਤਰ ਵਿਖੇ ਭੁੱਖ ਹੜਤਾਲ ਕਰਨ ਲਈ ਮਜਬੂਰ ਹੋਣਗੇ।

ਚੀਤਿਆਂ ਦੀ ਆਮਦ

ਮਨੁੱਖ ਦੇ ਨਾਲ-ਨਾਲ ਜੀਵ ਜੰਤੂ ਵੀ ਵਾਤਾਵਰਣ ਦਾ ਇੱਕ ਜ਼ਰੂਰੀ ਭਾਗ ਹਨ। ਇਹ ਜੀਵ ਜੰਤੂ ਭੋਜਨ ਲੜੀ ਜਾਂ ਭੋਜਨ ਜਾਲ ਨੂੰ ਬਰਕਰਾਰ ਰੱਖਣ ਅਤੇ ਵਾਤਾਵਰਣ ਦਾ ਸੰਤੁਲਨ ਬਣਾਈ ਰੱਖਣ 'ਚ ਅਹਿਮ ਰੋਲ ਅਦਾ ਕਰਦੇ ਹਨ। ਜੀਵ ਜੰਤੂ, ਪੰਛੀ ਅਤੇ ਜੀਵ ਵਿਘਟਕ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਵੀ ਸਹਾਇਕ ਹਨ। ਦੱਖਣੀ ਅਫਰੀਕਾ ਤੋਂ ਕੀਤੀ ਗਈ ਬਾਰਾਂ ਚੀਤਿਆਂ ਦਾ ਮੱਧ ਪ੍ਰਦੇਸ਼ ਦੇ ਕੋਨੂ ਨੈਸ਼ਨਲ ਪਾਰਕ 'ਚ ਪਹੁੰਚਣ ਨਾਲ ਚੀਤਿਆਂ ਦੀ ਗਿਣਤੀ 'ਚ ਵੀ ਸੁਧਾਰ ਆਵੇਗਾ।

ਇਹ ਦੂਜੀ ਵਾਰ ਹੈ ਜਦੋਂ ਚੀਤਿਆਂ ਦੀ ਆਮਦ ਦਰਜ ਕੀਤੀ ਗਈ ਹੈ। ਮਨੁੱਖੀ ਲਾਲਚ ਨੇ ਜਾਨਵਰਾਂ ਦੀ ਤਸਕਰੀ ਕਰਕੇ ਵਾਤਾਵਰਣ ਨੂੰ ਪਲੀਤ ਕੀਤਾ ਹੈ, ਮਨੁੱਖ ਦੁਆਰਾ ਕੀਤਾ ਵਿਕਾਸ ਅਸਲ 'ਚ ਵਿਨਾਸ਼ ਹੈ ਜਿਸ ਦੇ ਭਿਆਨਕ ਨਤੀਜੇ ਮਨੁੱਖ ਕੁਦਰਤੀ ਆਫਤਾਂ ਦੇ ਰੂਪ 'ਚ ਭੁਗਤ ਰਿਹਾ ਹੈ ਅਤੇ ਜੇ ਨਾ ਸੁਧਰਿਆ ਤਾਂ ਭਵਿੱਖ ਵਿੱਚ ਵੀ ਭੁਗਤੇਗਾ। ਜੰਗਲਾਂ ਵਿੱਚ ਪੈਦਾ ਹੋ ਕੇ ਤਕਨੀਕੀ ਯੁੱਗ 'ਚ ਪਹੁੰਚਣ ਦੇ ਬਾਵਜੂਦ ਮਨੁੱਖ ਸਾਰਥਕ ਵਿਕਾਸ ਕਰਨ ਵਿੱਚ ਨਾਕਾਮ ਰਿਹਾ ਹੈ। ਉਸ ਕੋਲ ਗਿਆਨ ਦਾ ਭੰਡਾਰ ਹੋਣ ਦੇ ਬਾਵਜੂਦ ਪਸ਼ੂ ਬਿਰਤੀ ਦਾ ਜੀਵਨ ਬਤੀਤ ਕਰ ਰਿਹਾ ਹੈ ਜਿਸਦਾ ਕਾਰਨ ਗਿਆਨ ਦਾ ਅਮਲਾਂ 'ਚ ਨਾ ਹੋਣਾ ਹੈ।

ਅਮਲਾਂ ਤੋਂ ਬਿਨਾਂ ਗਿਆਨ ਦਾ ਕੋਈ ਫਾਇਦਾ ਨਹੀਂ, ਉਹ ਸਿਰਫ ਭਾਰ ਹੈ, ਇੱਕ ਬੋਝ ਹੈ। ਜੀਵਨ ਜਿਊਣ ਲਈ ਵਾਤਾਵਰਣ ਦਾ ਤੰਦਰੁਸਤ ਅਤੇ ਸੰਤੁਲਨ ਰਹਿਣਾ ਬਹੁਤ ਜ਼ਰੂਰੀ ਹੈ ਅਤੇ ਲੋੜੀਂਦੀਆਂ ਵਾਤਾਵਰਣ ਕਾਰਕਾਂ ਲਈ ਜੰਗਲੀ ਜੀਵਾਂ ਦੀ ਹੋਂਦ ਜ਼ਰੂਰੀ ਹੈ। ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ 'ਤੇ ਜੀਵ ਜੰਤੂਆਂ ਦੀ ਹੋਂਦ ਨੂੰ ਬਚਾਉਣ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਮਨੁੱਖੀ ਹੋਂਦ ਭਵਿੱਖ ਵਿੱਚ ਵੀ ਸੁੱਖਿਅਤ ਹੋ ਸਕੇ।

- ਰਜਵਿੰਦਰ ਪਾਲ ਸ਼ਰਮਾ

ਪਾਠਕ ਸੱਥ

ਪੱਕੇ ਇਰਾਦੇ ਦੀ ਮਹੱਤਤਾ

ਮਿੱਟੀ ਦੀ ਪਕੜ ਮਜ਼ਬੂਤ ਹੁੰਦੀ ਹੈ, ਪਰ ਉਦੋਂ ਉਸ ਦੀ ਮਜ਼ਬੂਤੀ ਦੀ ਸਮਰੱਥਾ ਹੋਰ ਵੀ ਵਧ ਜਾਂਦੀ ਹੈ ਜਦੋਂ ਭੱਠੀ 'ਚ ਤਪਦੀ ਹੈ ਜਿਸ ਦੇ ਨਤੀਜੇ ਵਜੋਂ ਇਸ ਦੇ ਰੰਗ ਵਿੱਚ ਸੁਧਾਰ ਆਉਂਦਾ ਹੈ, ਇਸ ਪ੍ਰਕਾਰ ਬਣੀ ਇੱਟ ਮਕਾਨ ਦੀ ਨੀਂਹ ਨੂੰ ਜ਼ਿਆਦਾ ਮਜਬੂਤੀ ਪ੍ਰਦਾਨ ਕਰਦੀ ਹੈ, ਜੇਕਰ ਨੀਂਹ ਮਜ਼ਬੂਤ ਹੋਵੇਗੀ ਤਾਂ ਮਕਾਨ ਵੀ ਮਜ਼ਬੂਤ ਹੋਵੇਗਾ। ਇਹੀ ਧਾਰਨਾ ਮਨੁੱਖ ਦੇ ਸੁਭਾਅ 'ਤੇ ਲਾਗੂ ਹੁੰਦੀ ਹੈ। ਮਨੁੱਖੀ ਸੁਭਾਅ ਚੰਚਲ ਅਤੇ ਵਲਵਲਿਆਂ ਭਰਪੂਰ ਹੈ ਇਹ ਇੱਕ ਪੱਲ ਹੋਰ ਤੇ ਦੂਜੇ ਪਲ ਹੋਰ ਹੋ ਜਾਂਦਾ ਹੈ। ਇਸ ਦੀ ਖਾਸਿਅਤ ਇਹ ਹੈ ਕਿ ਕਈ ਵਾਰ ਉਹ ਰਸਤੇ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਅਤੇ ਕਠਿਨਾਈਆਂ ਤੋਂ ਘਬਰਾ ਜਾਂਦਾ ਹੈ। ਪੱਕਾ ਇਰਾਦਾ ਅਤੇ ਦ੍ਰਿੜ ਨਿਸ਼ਚਾ ਕੰਮ ਦੀ ਸਫਲਤਾ ਲਈ ਜ਼ਰੂਰੀ ਹੈ, ਕਿਉਂਕਿ ਦ੍ਰਿੜ੍ਹ ਇਰਾਦਾ ਕੰਮ ਕਰਨ ਦੀ ਸਮਰੱਥਾ ਨੂੰ ਵਧੇਰੇ ਕਰ ਦਿੰਦਾ ਹੈ। ਇੱਕ ਕਥਨ ਅਨੁਸਾਰ ਬੇਕਦਰੇ ਨੇ ਉਹ ਜੋ ਕਰਨ ਸ਼ਿਕਵਾ ਮੁੱਕਦਰਾਂ ਦਾ, ਉੱਗਣ ਵਾਲੇ ਉੱਗ ਪੈਂਦੇ ਨੇ ਚੀਰ ਕੇ ਸੀਨਾ ਪੱਥਰਾਂ ਦਾ। ਇਹ ਤੁੱਕ ਪੱਕੇ ਇਰਾਦੇ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਲਸ ਅਤੇ ਸਮੇਂ ਦੀ ਬਰਬਾਦੀ ਅਜਿਹੇ ਵਿਕਾਰ ਹਨ ਜੋ ਸਾਡੇ ਕੰਮ ਕਰਨ ਦੇ ਇਰਾਦਿਆਂ ਨੂੰ ਕਮਜ਼ੋਰ ਕਰਕੇ ਸਾਨੂੰ ਭਟਕਾ ਦਿੰਦੇ ਹਨ, ਜਿਸ ਨਾਲ ਅਸੀਂ ਮੰਜਲ ਅਤੇ ਪ੍ਰਭੂ ਪ੍ਰੇਮ ਤੋਂ ਦੂਰ ਹੋ ਜਾਂਦੇ ਹਾਂ।

ਅਜਿਹੇ ਸਮੇਂ ਸਾਡੀ ਜ਼ਿੰਦਗੀ ਦਾ ਕੋਈ ਮਨੋਰਥ ਨਹੀਂ ਰਹਿੰਦਾ, ਭਟਕਿਆ ਹੋਇਆ ਮਨੁੱਖ ਆਪਣੇ ਅਤੇ ਦੂਜਿਆਂ ਲਈ ਖਤਰਨਾਕ ਸਿੱਧ ਹੁੰਦਾ ਹੈ। ਹਿੰਮਤ, ਹੌਂਸਲੇ ਅਤੇ ਦ੍ਰਿੜ੍ਹਤਾ ਨਾਲ ਲਗਾਤਾਰ ਸਖਤ ਮਿਹਨਤ ਕਰਕੇ ਮਾੜੇ ਹਾਲਾਤਾਂ ਨਾਲ ਲੜਨਾ ਹੀ ਸਫਲਤਾ ਦਾ ਮੂਲ ਮੰਤਰ ਹੈ ਅਤੇ ਅਜਿਹੇ ਸਮੇਂ ਪ੍ਰਭੂ ਸਿਮਰਨ ਸਾਡੇ ਹਿੰਮਤ ਅਤੇ ਹੌਂਸਲੇ ਨੂੰ ਹੋਰ ਵਧਾ ਦਿੰਦਾ ਹੈ ਜਿਸ ਨਾਲ ਸਾਡਾ ਜੀਵਨ ਵਧੇਰੇ ਸੁਖਦਾਇਕ ਬਣਾ ਜਾਂਦਾ ਹੈ।

- ਰਜਵਿੰਦਰ ਪਾਲ ਸ਼ਰਮਾ

ਮੋਬਾਇਲ 7087367969

ਪੰਜਾਬੀ ਮਾਂ-ਬੋਲੀ ਦੀ ਗੁਹਾਰ

ਡਾ. ਲਾਭ ਸਿੰਘ ਖੀਵਾ

ਇੱਕੀ ਫਰਵਰੀ ਨੂੰ ਕੌਮਾਂਤਰੀ ਮਾਤ-ਭਾਸ਼ਾ ਦਿਵਸ ਪਹਿਲਾਂ ਆਉਂਦੇ ਰਹੇ ਹਨ ਤੇ ਫਿਰ ਵੀ ਆਉਂਦੇ ਰਹਿਣਗੇ, ਪਰ ਇਸ ਵਾਰ ਦਾ ਇਹ ਦਿਵਸ ਵਿਸ਼ੇਸ਼ ਮਹੱਤਤਾ ਰੱਖਦਾ ਜਾਪਦਾ ਹੈ। ਪੰਜਾਬੀ ਮਾਂ-ਬੋਲੀ ਦੀ ਗੁਹਾਰ 'ਤੇ ਕੰਨ ਧਰੇ ਜਾਣ ਦੇ ਕੁਝ ਉੱਜਲ ਮੌਕਿਆਂ ਦੀ ਕੱਚੀ-ਪੱਕੀ ਆਸ ਬੱਝੀ ਹੈ। ਇਸ ਗੁਹਾਰ 'ਚ ਤਲਖ਼ੀ ਵੀ ਹੈ ਤੇ ਨਰਮੀ ਵੀ। ਤਲਖ਼ੀ ਇਸ ਲਈ ਕਿ ਮਾਂ-ਬੋਲੀ ਪ੍ਰਤੀ ਪੰਜਾਬੀ ਬੜੇ ਸੰਵੇਦਨਹੀਣ ਹਨ। ਬੇਗਾਨੀਆਂ ਮਾਸੀਆਂ-ਚਾਚੀਆਂ ਦੀ ਉਂਗਲ ਫੜ ਕੇ ਉਹ ਖੜੀ ਮਾਂ ਨੂੰ ਛੱਡ ਜਾਂਦੇ ਹਨ, ਇਹ ਭਾਵੇਂ ਕੁਦੇਸਣਾਂ ਵੀ ਹੋਣ। ਮੰਨਿਆ ਕਿ ਮੁਸਲਸਲ ਬਾਹਰੀ ਹਮਲਾਵਰਾਂ ਦੀ ਆਮਦ ਨਾਲ ਇਨ੍ਹਾਂ 'ਚ ਕੁਦੇਸੀ ਖੂਨ ਦੀ ਮਿਲਾਵਟ ਹੋਵੇ, ਪਰ ਮਾਂ ਤਾਂ ਮਾਂ ਹੁੰਦੀ ਹੈ। ਬਾਹਰੋਂ ਆਈ ਕਥਿਤ ਮਾਸੀ/ਚਾਚੀ ਇਸ ਮਿਲਾਵਟ ਸਦਕਾ ਹੀ ਪੰਜਾਬੀਆਂ ਦੇ ਚੁੱਲ੍ਹੇ 'ਚੋਂ ਅੱਗ ਲੈਣ ਆਈ ਘਰ ਦੀ ਮਾਲਕਣ ਬਣ ਬੈਠਦੀ ਆਈ ਹੈ। 'ਘਰਿ ਘਰਿ ਮੀਆ ਸਭਨਾਂ ਜੀਆ ਬੋਲੀ ਅਵਰ ਤੁਮਾਰੀ'। ਇਸ ਗੁਹਾਰ ਵਿੱਚ ਇਸ ਗੱਲੋਂ ਵੀ ਤਲਖ਼ੀ ਹੈ ਕਿ ਇਕੱਲੇ ਪਰਵਾਰਾਂ ਵਿੱਚ ਹੀ ਮਾਂ ਦੀ ਪੁੱਛਗਿੱਛ ਮਨਫ਼ੀ ਨਹੀਂ ਹੋਈ, ਆਪਣੀਆਂ ਸਰਕਾਰਾਂ ਨੇ ਵੀ ਕੁਦੇਸਣਾਂ ਨੂੰ ਬਰਾਬਰ ਸਿੰਘਾਸਨ 'ਤੇ ਬਿਠਾਇਆ। ਕਹਿਣ ਨੂੰ ਖਾਲਸਾ ਸਰਕਾਰ ਤੇ ਮਾਂ ਗੋਲੀ, ਜੋ ਕਦੇ ਨਾ ਬੋਲੀ ਕਿ ਖਾਲਸਾ ਦਰਬਾਰ 'ਚ ਮੈਂ ਬਾਹਰ ਕਿਉਂ-ਖੜ੍ਹੀ ਹਾਂ?

ਪੰਜਾਬੀ ਮਾਂ-ਬੋਲੀ ਦੀ ਗੁਹਾਰ 'ਚ ਇਹ ਵੀ ਨਹੋਰਾ ਹੈ ਕਿ ਖਾਲਸਾ ਦਰਬਾਰ ਗੋਰੀ ਤਾਈ ਦੇ ਅਧੀਨ ਨਾ ਹੁੰਦਾ, ਜੇਕਰ ਪੰਜਾਬੀ ਮਾਂ-ਬੋਲੀ ਦੇ ਸਪੂਤ ਬਣ ਕੇ ਰਹਿੰਦੇ। ਗੋਰੀ ਤਾਈ ਨੇ ਪੰਜਾਬੀ ਬੋਲੀ ਤੋਂ ਹੀ ਸਾਨੂੰ ਵਾਂਝੇ ਨਾ ਕੀਤਾ, ਸੱਭਿਆਚਾਰ ਤੇ ਧਰਮ ਤੋਂ ਵੀ ਵਾਂਝੇ ਕਰਨ ਦਾ ਯਤਨ ਕੀਤਾ। ਇਸ ਕੋਹੜ ਤੋਂ ਅਜੇ ਵੀ ਸਾਡਾ ਤਨ-ਮਨ ਪ੍ਰਭਾਵਿਤ ਹੈ। ਸਾਡੇ ਮਨ ਨੂੰ ਗਿਰਜੇ ਤੇ ਊਂਛ ਖਿੱਚ ਰਹੇ ਹਨ। ਤਨ ਨੂੰ ਉਪਭੋਗੀ ਸੱਭਿਆਚਾਰ ਸੈਨਤਾਂ ਮਾਰ ਰਿਹਾ ਹੈ। ਇਉਂ ਪੰਜਾਬੀ ਮਾਂ-ਬੋਲੀ ਦੀ ਗੁਹਾਰ ਦਾ ਇਤਿਹਾਸਕ ਅਨੁਭਵ ਬੜਾ ਤੁਰਸ਼ ਤੇ ਤਰਸਮਈ ਹੈ। ਇਸ ਅਨੁਭਵ ਵਿਚ ਮਾਂ-ਬੋਲੀ ਦੇ ਜਾਇਆਂ ਦੀ ਵਫ਼ਾ ਵੀ ਹੈ ਤੇ ਜਫ਼ਾ ਵੀ। ਰਈਅਤ ਵਫ਼ਾ ਕਰਦੀ ਰਹੀ ਤੇ ਰਈਸ ਜਫ਼ਾ ਕਰਦੇ ਰਹੇ।

ਇਹ ਗੁਹਾਰ ਇਸ ਪੱਖੋਂ ਵੀ ਉਲਝਣ 'ਚ ਹੈ ਕਿ ਬੰਗਾਲੀ ਤਾਂ ਧਾਰਮਿਕ ਵੰਡੀਆਂ ਨੂੰ ਠੁੱਡ ਮਾਰ ਕੇ ਆਪਣੀ ਮਾਂ-ਬੋਲੀ ਦੇ ਚਰਨੀ— ਮੁੜ ਆ ਬੈਠਦੇ ਹਨ, ਪਰ ਪੰਜਾਬੀ ਅਜੇ ਵੀ ਮਾਂ ਦਾ ਸਾਂਝਾ ਵਿਹੜਾ ਛੱਡ ਕੇ ਆਪੋ ਆਪਣੇ ਮਜ਼ਹਬੀ ਖੁੱਡਿਆਂ 'ਚ ਵੜੇ ਬੈਠੇ ਹਨ, ਕੋਈ ਅੰਦਰੋਂ ਬਾਂਗਾਂ ਦੇਈ ਜਾਂਦਾ ਹੈ ਤੇ ਕੋਈ ਉਪਰੋਂ ਬਾਂਗ ਦਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਬੰਗਾਲੀ ਮਾਂ ਦੇ ਲਖ਼ਤੇ-ਜਿਗਰ ਮਾਂ ਦੀ ਨਿੱਘੀ ਗੋਦ 'ਚ ਜਾਣ ਲਈ ਲੰਮਾ ਸਮਾਂ ਰਿਹਾੜ ਕਰਦੇ ਰਹੇ, ਚਪੇੜਾਂ ਵੀ ਖਾਧੀਆਂ, ਬਗ਼ਾਵਤਾਂ ਵੀ ਕੀਤੀਆਂ, ਸ਼ਹਾਦਤਾਂ ਵੀ ਦਿੱਤੀਆਂ ਤੇ ਅੱਜ ਕੌਮਾਂਤਰੀ ਮਾਤ-ਭਾਸ਼ਾ ਦਿਵਸ/ਉਤਸਵ ਦੇ ਬਾਨੀ ਹਨ। ਪੰਜਾਬੀ ਯੋਧੇ ਹਨ, ਬਹਾਦਰ ਹਨ, ਲੜਦੇ ਹਨ, ਸ਼ਹੀਦੀਆਂ ਦਿੰਦੇ ਹਨ, ਇਤਿਹਾਸ ਸਿਰਜਦੇ ਹਨ, ਪਰ ਕਾਹਦੇ ਲਈ? ਸਿਰਫ਼ ਇਲਾਕੇ ਜਿੱਤਣ ਲਈ, ਰਾਜ-ਭਾਗ ਮਾਨਣ ਲਈ, ਪਰ ਮਾਂ-ਬੋਲੀ ਦੇ ਭਾਗਾਂ 'ਚ ਸਰਦਾਰੀ ਅਲੋਪ ਰਹੀ। ਸ਼ੇਰ, ਪੁੱਤ ਕਪੁੱਤ ਬਣ ਜਾਣ, ਪਰ ਮਾਂ ਕਦੇ ਕੁਮਾਂ ਨਹੀਂ ਹੋ ਸਕਦੀ।

ਮਾਂ-ਬੋਲੀ ਦੀ ਗੁਹਾਰ 'ਚ ਇਸ ਵਾਰ ਕੁਝ ਨਰਮੀ ਇਸ ਲਈ ਵੀ ਹੈ ਕਿ ਧਾਰਮਿਕ ਵੰਡਾਂ 'ਚ ਵੰਡੇ ਪੁੱਤ ਹੁਣ ਇਸ ਦੀ ਬੁੱਕਲ 'ਚ ਆਉਣ ਲਈ ਧੁਰਲੀ ਮਾਰਨ ਦੇ ਯਤਨ ਕਰਦੇ ਰਹਿੰਦੇ ਹਨ। ਮੱਲੋਂ ਜ਼ੋਰੀਂ ਬੇਗਾਨੀ ਦਾਦੀ ਦੇ ਵੱਸ ਪਾਏ ਲਹਿੰਦੇ ਪਾਸੇ ਦੇ ਪੁੱਤਰ ਉਸ ਦੀ ਚੁੰਗਲ 'ਚੋਂ ਨਿਕਲਣ ਲਈ ਹੱਥ-ਪੈਰ ਮਾਰ ਰਹੇ ਹਨ। ਇਸ ਗੁਹਾਰ 'ਚ ਰਤੀ-ਮਾਸਾ ਵੀ ਗ਼ਿਲਾ ਨਹੀਂ ਕਿ ਧਾਰਮਿਕ ਵਖ਼ਰੇਵੇਂ ਕਾਰਨ ਇਹ ਪੁੱਤਰ ਅੱਡਰੇ ਘਰ 'ਚ ਰਹਿ ਰਹੇ ਹਨ, ਹਨ ਤਾਂ ਸਾਂਝੀ ਮਾਂ ਦੀ ਔਲਾਦ। ਬੱਸ, ਮਾਂ ਤੋਂ ਮੁਨਕਰ ਨਾ ਹੋਣ। ਉਂਜ ਤਾਂ ਇਹ ਸਾਂਝੀ ਮਾਂ ਦੇ ਜੰਮੇ-ਜਾਏ ਕਈ ਮੁਲਕਾਂ 'ਚ ਜਾ ਵਸੇ ਹਨ। ਮਾਂ-ਬੋਲੀ ਦੀ ਗੁਹਾਰ 'ਚ ਇਸ ਕਾਰਨ ਵੀ ਨਰਮਾਈ ਹੈ। ਪਰ ਇਹ ਪਰਵਾਸਧਾਰੀ ਪੁੱਤਰ ਆਪਣੀ ਮਾਂ ਨੂੰ ਨਾ ਵਿਸਾਰਨ, ਜਿਹੜੇ ਮਰਜ਼ੀ ਦੇਸ਼-ਪ੍ਰਦੇਸ ਂਚ ਰਹਿਣ। ਵੈਸੇ ਤਾਂ ਕਈ ਮੁਲਕਾਂ ਦੀਆਂ ਸਰਕਾਰਾਂ ਨੇ ਪੰਜਾਬੀ ਮਾਂ-ਬੋਲੀ ਦੀ ਹੋਂਦ ਨੂੰ ਸਵੀਕਾਰ ਕਰ ਲਿਆ ਹੈ, ਕਿਉਂਕਿ ਉੱਥੇ ਉਸ ਦੇ ਸ਼ੀਰਖ਼ੋਰ ਜਾ ਵਸੇ ਹਨ। ਕਿੰਨੀਆਂ ਚੰਗੀਆਂ ਨੇ ਇਹ ਸਰਕਾਰਾਂ।

ਪੰਜਾਬੀ ਮਾਂ-ਬੋਲੀ ਦੀ ਗੁਹਾਰ ਇਸ ਲਈ ਅੱਜ ਸੁਭਾਸ਼ੀ ਤੇ ਸੁੰਘੜ-ਸੁਜਾਨ ਹੈ, ਕਿਉਂਕਿ ਵਿਦੇਸ਼ੀ ਸਰਕਾਰਾਂ ਦੀ ਚੰਗਿਆਈ ਵਰਗੀ ਹਵਾ ਇਸ ਦੇ ਕੰਨਾਂ ਤੱਕ ਸਰਕੀ ਹੈ। ਹੁਣੇ-ਹੁਣੇ ਵਰਤਮਾਨ ਸਰਕਾਰ ਦੇ ਸਪੀਕਰ ਵੱਲੋਂ ਪ

21-FEB-PAGE-5.qxd 2/20/2023 10:21 PM Page 1

ਦਲਿਤਾਂ 'ਤੇ ਜਬਰ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਮਜ਼ਦੂਰਾਂ ਨੇ ਐੱਸ ਐੱਸ ਪੀ ਦਫਤਰ ਘੇਰਿਆ

■ ਆਪ ਦੇ ਰਾਜ 'ਚ ਮਜ਼ਦੂਰਾਂ 'ਤੇ ਜਾਤੀ ਹਿੰਸਾ ਵਧਣ ਦੇ ਦੋਸ਼

ਬਠਿੰਡਾ (ਪਰਵਿੰਦਰਜੀਤ ਸਿੰਘ)

ਪੁਲਸ ਵੱਲੋਂ ਜ਼ਿਲ੍ਹੇ ਬਠਿੰਡਾ ਅੰਦਰ ਜਾਤੀ ਵਿਤਕਰੇ ਕਰਨ ਵਾਲਿਆਂ 'ਤੇ ਐੱਸ ਸੀ/ਐੱਸ ਟੀ ਦੀਆਂ ਧਰਾਵਾਂ ਤਹਿਤ ਕੇਸ ਦਰਜ ਕਰਕੇ ਗ੍ਰਿਫਤਾਰ ਨਾ ਕਰਨ ਵਿਰੁੱਧ ਅੱਜ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਬੀਤੇ ਇੱਕ ਹਫਤੇ ਤੋਂ ਧਰਨਾ ਲਾਈ ਬੈਠੇ ਖੇਤ ਮਜ਼ਦੂਰਾਂ ਤੇ ਕਿਸਾਨਾਂ ਵੱਲੋਂ ਅੱਜ ਐੱਸ ਐੱਸ ਪੀ ਦਫਤਰ ਦਾ ਘਿਰਾਓ ਕਰਕੇ ਤਿੱਖੇ ਰੋਹ ਦਾ ਪ੍ਰਗਟਾਵਾ ਕੀਤਾ ਗਿਆ। ਘਿਰਾਓ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਦਿਹਾਤੀ ਮਜ਼ਦੂਰ ਸਭਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਵੱਲੋਂ ਵੀ ਭਰਵੀਂ ਸ਼ਮੂਲੀਅਤ ਕੀਤੀ ਗਈ। ਘਿਰਾਓ ਦੌਰਾਨ ਜੁੜੇ ਇਕੱਠ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ, ਜ਼ਿਲ੍ਹਾ ਕਨਵੀਨਰ ਮਾਸਟਰ ਸੇਵਕ ਸਿੰਘ ਮਹਿਮਾ ਸਰਜਾ, ਮਨਦੀਪ ਸਿੰਘ ਸਿਵੀਆ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਆਗੂ ਮੱਖਣ ਸਿੰਘ ਰਾਮਗੜ੍ਹ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਜਗਸੀਰ ਸਿੰਘ ਮਹਿਰਾਜ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਮੱਖਣ ਸਿੰਘ ਤਲਵੰਡੀ, ਨੌਜਵਾਨ ਭਾਰਤ ਸਭਾ ਦੇ ਆਗੂ ਜਸਕਰਨ ਸਿੰਘ ਕੋਟਗੁਰੂ ਤੇ ਲੋਕ ਮੋਰਚਾ ਪੰਜਾਬ ਦੇ ਆਗੂ ਜਗਮੇਲ ਸਿੰਘ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਕਿਹਾ ਕਿ ਲੋਕ ਗਾਇਕ ਜਗਸੀਰ ਜੀਦਾ ਦੇ ਖੇਤ ਦਾ ਰਸਤਾ ਤੇ ਪਾਣੀ ਉੱਚ ਜਾਤੀ ਨਾਲ ਸਬੰਧਤ ਸਰਿੰਦਰਪਾਲ ਸਿੰਘ ਵੱਲੋਂ ਜਾਤਪਾਤੀ ਵਿਤਕਰੇ ਤੇ ਬਦਲਾ ਲਊ ਭਾਵਨਾ ਤਹਿਤ ਇਸ ਕਰਕੇ ਬੰਦ ਕਰ ਦਿੱਤਾ ਗਿਆ ਕਿ ਦੋ ਕੁ ਵਰ੍ਹੇ ਪਹਿਲਾਂ ਪਿੰਡ ਦੇ ਉੱਚ ਜਾਤੀ ਲੋਕਾਂ ਤੇ ਸਰਿੰਦਰਪਾਲ ਸਿੰਘ ਦੇ ਨਜ਼ਦੀਕੀਆਂ ਵੱਲੋਂ ਦਲਿਤ ਮਜ਼ਦੂਰਾਂ ਉਤੇ ਢਾਹੇ ਅਣਮਨੁੱਖੀ ਜਬਰ ਖਿਲਾਫ ਜਗਸੀਰ ਜੀਦਾ ਦੇ ਪਰਿਵਾਰ ਵੱਲੋਂ ਅਵਾਜ਼ ਉਠਾਉਣ ਕਰਕੇ ਦੋਸ਼ੀਆਂ ਉਤੇ ਐੱਸ ਸੀ, ਐੱਸ ਟੀ ਐਕਟ ਤਹਿਤ ਕੇਸ ਦਰਜ ਹੋਇਆ ਸੀ। ਇਸੇ ਰੰਜਿਸ਼ ਤਹਿਤ ਹੁਣ ਉੱਚ ਜਾਤੀ ਨਾਲ ਸਬੰਧਤ ਦੋਸ਼ੀਆਂ ਨਾਲ ਸ਼ਾਹਬਾਜ਼ ਕਰਕੇ ਸਰਿੰਦਰਪਾਲ ਸਿੰਘ ਵੱਲੋਂ ਸਭ ਕਾਨੂੰਨੀ ਕਾਗਜ਼ਾਤ ਪੂਰੇ ਹੋਣ ਦੇ ਬਾਵਜੂਦ ਜਗਸੀਰ ਸਿੰਘ ਜੀਦਾ ਦੀ ਜ਼ਮੀਨ ਦਾ ਰਸਤਾ ਤੇ ਪਾਣੀ ਬੰਦ ਕਰ ਦਿੱਤਾ ਗਿਆ, ਜਿਸ ਕਾਰਨ ਪਿਛਲੇ ਸਾਲ ਤੋਂ ਸ੍ਰੀ ਜੀਦਾ ਦੀ ਜ਼ਮੀਨ ਵਿਹਲੀ ਪਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਰਾਹ ਤੇ ਪਾਣੀ ਰੋਕਣ ਵਾਲੇ ਸਰਿੰਦਰਪਾਲ ਸਿੰਘ ਦੇ ਪਰਿਵਾਰ ਦੀ ਸੁਖਬੀਰ ਬਾਦਲ ਨਾਲ ਨੇੜਤਾ ਹੋਣ ਕਾਰਨ ਪੁਲਸ ਪ੍ਰਸ਼ਾਸਨ ਮੁਲਜ਼ਮ ਖਿਲਾਫ ਕਾਰਵਾਈ ਕਰਨ ਦੀ ਥਾਂ ਡੰਗ ਟਪਾਈ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਪਿੰਡ ਜਿਉਂਦ ਦੀ ਦਲਿਤ ਮਜ਼ਦੂਰ ਔਰਤ ਅਮਰਜੀਤ ਕੌਰ ਨੂੰ ਪਿੰਡ ਦੇ ਹੀ ਧਨਾਢ ਗੁਰਮੇਲ ਸਿੰਘ ਮੇਲਾ ਨੇ ਜਾਤੀ ਅਧਾਰਤ ਗਾਲਾਂ ਕੱਢ ਕੇ ਬੇਇੱਜ਼ਤ ਕੀਤਾ ਸੀ, ਜਿਸ ਖਿਲਾਫ ਐੱਸ ਸੀ, ਐੱਸ ਟੀ ਐਕਟ ਤਹਿਤ ਪਰਚਾ ਦਰਜ ਹੋਣ ਤੋਂ ਬਾਅਦ ਵੀ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਹ ਪੁਲਸ ਦੀ ਗਰੀਬਾਂ 'ਤੇ ਜਬਰ ਢਾਹੁਣ ਵਾਲਿਆਂ ਨਾਲ ਮਿਲੀਭੁਗਤ ਦਾ ਸਬੂਤ ਹੈ ਕਿ ਪਿੰਡ ਜੈ ਸਿੰਘ ਵਾਲਾ ਦੇ ਗਰੀਬ ਨੌਜਵਾਨ ਨੂੰ ਅਗਵਾ ਕਰਕੇ ਤਸ਼ੱਦਦ ਢਾਹੁਣ ਵਾਲਾ ਅਕਾਲੀ ਆਗੂ ਨਿਰਮਲ ਸਿੰਘ ਟੀਟੂ ਅਗਵਾ ਦਾ ਪਰਚਾ ਦਰਜ ਹੋਣ ਦੇ ਬਾਵਜੀਦ ਹਾਈ ਕੋਰਟ 'ਚੋਂ ਜਮਾਨਤ ਕਰਾਉਣ 'ਚ ਸਫਲ ਹੋ ਗਿਆ। ਇਸੇ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਐੱਸ ਪੀ ਐੱਸ ਗੁਰਬਿੰਦਰ ਸਿੰਘ ਸੰਘਾ ਵੱਲੋਂ ਮਜ਼ਦੂਰ ਆਗੂਆਂ ਨਾਲ ਮੀਟਿੰਗ ਕਰਕੇ ਸਭਨਾਂ ਮਾਮਲਿਆਂ ਨੂੰ ਇੱਕ ਹਫਤੇ 'ਚ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਮਜ਼ਦੂਰ ਆਗੂ ਜ਼ੋਰਾ ਸਿੰਘ ਨਸਰਾਲੀ ਨੇ ਐਲਾਨ ਕੀਤਾ ਕਿ ਜੇਕਰ ਇੱਕ ਹਫਤੇ ਦੇ ਵਿੱਚ ਮਸਲਿਆਂ ਦਾ ਤਸੱਲੀਬਖਸ਼ ਨਿਪਟਾਰਾ ਨਾ ਕੀਤਾ ਤਾਂ ਉਨ੍ਹਾਂ ਦੀ ਜਥੇਬੰਦੀ ਸੰਘਰਸ਼ ਨੂੰ ਹੋਰ ਤੇਜ਼ ਕਰੇਗੀ ਤੇ ਆਉਂਦੇ ਸਮੇਂ 'ਚ ਜਗਸੀਰ ਜੀਦਾ ਦੇ ਖੇਤ ਦਾ ਰਾਹ ਤੇ ਪਾਣੀ ਦਾ ਹੱਕ ਹਾਸਲ ਕਰਕੇ ਫਸਲ ਦੀ ਬਿਜਾਈ ਕਰੇਗੀ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਐੱਸ ਡੀ ਐੱਮ ਦਫਤਰ ਅੱਗੇ ਰੋਸ ਧਰਨਾ

■ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

ਨਾਭਾ (ਵਰਿੰਦਰ ਵਰਮਾ)-ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਮਜ਼ਦੂਰਾਂ ਦੀਆਂ ਬੁਨਿਆਦੀ ਮੰਗਾਂ ਜ਼ਮੀਨ, ਕਰਜ਼ਾ, ਦਿਹਾੜੀ ਤੇ ਹੋ ਰਹੇ ਦਲਿਤਾਂ ਉੱਪਰ ਅੱਤਿਆਚਾਰ ਨੂੰ ਰੋਕਣ ਲਈ ਸੰਘਰਸ਼ ਕਮੇਟੀ ਤੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਕੀਤੇ ਤਹਿਸੀਲਾਂ ਅਤੇ ਸਬ-ਤਹਿਸੀਲਾਂ ਉੱਪਰ ਧਰਨੇ ਦੇ ਐਲਾਨ ਨਾਲ ਸਬੰਧਤ ਨਾਭਾ ਬਲਾਕ ਵਿੱਚ ਸੈਂਕੜੇ ਲੋਕਾਂ ਨੂੰ ਇਕੱਠ ਕਰਕੇ ਰੋਸ ਧਰਨਾ ਲਗਾਇਆ ਗਿਆ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਜ਼ੋਨਲ ਮੀਤ ਪ੍ਰਧਾਨ ਗੁਰਬਿੰਦਰ ਬੌੜਾਂ ਕਲਾਂ, ਨੋਨੀ ਮੱਲੇਵਾਲ, ਬਲਵੀਰ ਸਿੰਘ ਸੁਰਾਜਪੁਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਮਜ਼ਦੂਰਾਂ ਦੀ ਜ਼ਿੰਦਗੀ ਬੜੀ ਹੀ ਮੁਸ਼ਕਲ ਨਾਲ ਚੱਲ ਰਹੀ ਹੈ, ਮਜ਼ਦੂਰਾਂ ਨੂੰ ਕੋਈ ਪੱਕਾ ਕੰਮ ਨਹੀਂ ਮਿਲ ਰਿਹਾ, ਕਈ ਵਾਰ ਕੰਮ ਕਰਨ 'ਤੇ ਉਨ੍ਹਾਂ ਨੂੰ ਉਨ੍ਹਾਂ ਦੀ ਬਣਦੀ ਮਜ਼ਦੂਰੀ ਵੀ ਸਹੀ ਸਮੇਂ ਨਾਲ ਨਹੀਂ ਮਿਲਦੀ ਤੇ ਜ਼ਿੰਦਗੀ ਨੂੰ ਕਿਵੇਂ ਬਦਲਿਆ ਜਾਵੇ। ਇਸ ਦੀ ਬਿਲਕੁੱਲ ਵੀ ਸਮਝ ਨਹੀਂ ਆ ਰਹੀ। ਉਨ੍ਹਾਂ ਆਪਣੀ ਜ਼ਿੰਦਗੀ ਵਿੱਚ ਬਦਲਾਅ ਲਿਆਉਣ ਲਈ ਪੰਜਾਬ ਅੰਦਰ ਨਵੀਂ ਪਾਰਟੀ ਆਮ ਆਦਮੀ ਪਾਰਟੀ ਨੂੰ ਚੁਣਿਆ, ਪਰ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਮਜ਼ਦੂਰਾਂ ਨਾਲ ਵਿਤਰਕਾ ਬੀ.ਜੇ.ਪੀ. ਸਰਕਾਰ ਵਾਂਗ ਹੀ ਜਾਰੀ ਰੱਖਿਆ ਹੈ। ਉਨ੍ਹਾਂ ਕਿਹਾ ਕਿ ਚੌਥੀ ਵਾਰ ਮਜ਼ਦੂਰਾਂ ਨੂੰ ਮੀਟਿੰਗ ਦੇ ਕੇ ਮੁੱਕਰਿਆ, ਜਿਹੜਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਨੂੰ ਭੁਗਤਣਾ ਪਵੇਗਾ। ਮਜ਼ਦੂਰਾਂ ਦੀ ਜ਼ਿੰਦਗੀ ਸਵਾਰਨ ਲਈ ਸੰਘਰਸ਼ ਕਮੇਟੀ ਤੇ ਪੇਂਡੂ ਮਜ਼ਦੂਰ ਯੂਨੀਅਨ ਨੇ ਫੈਸਲਾ ਲਿਆ ਕਿ ਮਜ਼ਦੂਰਾਂ ਦੀਆਂ ਬੁਨਿਆਦੀ ਮੰਗਾਂ ਲਈ ਸਥਾਨਕ ਪ੍ਰਸ਼ਾਸਨ ਨੂੰ ਮੰਗ ਪੱਤਰ ਦਿੱਤੇ ਜਾਣ, ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨ ਤੀਜਾ ਹਿੱਸਾ ਪੱਕੇ ਤੌਰ 'ਤੇ ਦਿੱਤੀ ਜਾਵੇ, ਨਜੂਲ ਜ਼ਮੀਨਾਂ ਦੇ ਮਾਲਕਾਨਾ ਹੱਕ ਦਿੱਤੇ ਜਾਣ, ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦਾ ਮਾਲਕਾਨਾ ਹੱਕ ਦਿੱਤਾ ਜਾਵੇ, ਲੋੜਵੰਦ ਪਰਿਵਾਰਾਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਜਾਣ ਤੇ ਘਰ ਪਾਉਣ ਦੀ ਰਾਸ਼ੀ ਦਿੱਤੀ ਜਾਵੇ, ਲੈਂਡ ਸੀਲਿੰਗ ਐਕਟ ਤੋਂ ਉਪਰਲੀ ਜ਼ਮੀਨ ਬੇਜ਼ਮੀਨੇ ਪਰਿਵਾਰਾਂ ਵਿੱਚ ਵੰਡੀ ਜਾਵੇ, ਮਨਰੇਗਾ ਦਾ ਪੂਰਾ ਸਾਲ ਕੰਮ ਦਿੱਤਾ ਜਾਵੇ, ਦਿਹਾੜੀ 700 ਰੁਪਏ ਕੀਤੀ ਜਾਵੇ, ਕੰਮ ਨਾ ਮਿਲਣ ਦੀ ਸੂਰਤ ਵਿੱਚ ਭੱਤਾ ਦਿੱਤਾ ਜਾਵੇ, ਮਜ਼ਦੂਰਾਂ ਨੂੰ ਕੋਆਪ੍ਰੇਟਿਵ ਸੁਸਾਇਟੀ ਵਿੱਚੋਂ ਸਸਤਾ ਕਰਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਮਜ਼ਦੂਰ ਦਲਿਤਾਂ ਨਾਲ ਹੋ ਰਿਹਾ ਜਾਤੀ ਵਿਤਕਰਾ ਕਰਨ ਵਾਲਿਆਂ ਤੇ ਅੱਤਿਆਚਾਰ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਲਤੀਫਪੁਰਾ ਵਿੱਚ ਚੱਲ ਰਹੇ ਮੋਰਚੇ ਦੇ ਸਿਰਮੌਰ ਆਗੂ ਕਸ਼ਮੀਰ ਘੁੱਗਸ਼ੋਰ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤੇ ਆਗੂਆਂ 'ਤੇ ਪਾਏ ਝੂਠੇ ਪਰਚੇ ਰੱਦ ਕੀਤੇ ਜਾਣ। ਇਸ ਮੌਕੇ ਮੰਗ ਪੱਤਰ ਐੱਸ.ਡੀ.ਐੱਮ. ਨਾਭਾ ਦਮਨਦੀਪ ਨੂੰ ਦਿੱਤਾ ਗਿਆ, ਜਿਸ 'ਤੇ ਉਨ੍ਹਾਂ ਭਰੋਸਾ ਦਿਵਾਇਆ ਕਿ ਜਲਦ ਹੀ ਇਨ੍ਹਾਂ ਮੰਗਾਂ ਦਾ ਹੱਲ ਕੀਤਾ ਜਾਵੇਗਾ, ਜੋ ਮੰਗਾਂ ਸਰਕਾਰ ਨਾਲ ਸਬੰਧਤ ਹਨ, ਉਹ ਸਰਕਾਰ ਨੂੰ ਭੇਜੀਆਂ ਜਾਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕਕਰਾਲਾ, ਮਨੀ ਮੱਲੇਵਾਲ, ਦਵਿੰਦਰ ਮੱਲੇਵਾਲ, ਹਰਜਿੰਦਰ ਫੈਸਲ, ਨਿੰਮਾ ਲੁਬਾਣਾ, ਬਿੱਲੂ ਸੁਰਾਜਪੁਰ ਆਦਿ ਨੇ ਸੰਬੋਧਨ ਕੀਤਾ।

ਕਾਤਰਾਂ

ਗੁਰਥਲੀ ਸ਼ਰੀਫ਼ ਵਿਖੇ 76ਵਾਂ ਉਰਸ ਮੇਲਾ 27 ਤੇ 28 ਨੂੰ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਹਜ਼ਰਤ ਬਾਬਾ ਅਬਦੁਲ ਰਹੀਮ ਸ਼ਾਹ ਜੀ ਗੁਰਥਲੀ ਸ਼ਰੀਫ਼ ਵਿਖੇ 76ਵਾਂ ਉਰਸ ਮੇਲਾ 27 ਤੇ 28 ਫਰਵਰੀ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇੰਤਜ਼ਾਮੀਆਂ ਕਮੇਟੀ ਦੇ ਚੇਅਰਮੈਨ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਘੱਟ ਗਿਣਤੀ ਵਿਭਾਗ ਦੇ ਚੇਅਰਮੈਨ ਜਨਾਬ ਦਿਲਬਰ ਮੁਹੰਮਦ ਖ਼ਾਨ ਨੇ ਦੱਸਿਆ ਕਿ ਅੱਜ ਹੋਣ ਵਾਲੇ ਇਸ ਉਰਸ ਮੇਲੇ ਵਿੱਚ ਜਿੱਥੇ ਪੂਰੇ ਦੇਸ਼ ਤੋਂ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਰਹੇ ਹਨ, ਉੱਥੇ ਵੱਖ ਵੱਖ ਦੇਸ਼ਾਂ ਤੋਂ ਵੀ ਲੋਕ ਇਸ ਮੇਲੇ 'ਚ ਪਹੁੰਚ ਰਹੇ ਹਨ। ਉਨ੍ਹਾ ਦੱਸਿਆ ਕਿ ਇਸ ਮੇਲੇ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਜਨਾਬ ਦਿਲਬਰ ਮੁਹੰਮਦ ਖ਼ਾਨ ਨੇ ਕਿਹਾ ਕਿ ਇਲਾਕੇ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਇਸ ਉਰਸ 'ਚ ਆਪਣੀ ਹਾਜ਼ਰੀ ਲਗਵਾਉਣਗੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਹਾਕਮ ਦੀਨ, ਹਨੀਫ਼ ਖ਼ਾਨ ਰਿੰਕੂ, ਜੰਗ ਸਿੰਘ, ਆਤਿਸ਼ ਖ਼ਾਨ ਵੀ ਹਾਜ਼ਰ ਸਨ।

ਭਾਰਤ ਭੂਸ਼ਨ ਜੈਨ ਮੰਡਲ ਪ੍ਰਧਾਨ ਨਿਯੁਕਤ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਭਾਰਤੀ ਜਨਤਾ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਰਵੀਪ੍ਰੀਤ ਸਿੱਧੂ ਤੇ ਪੰਜਾਬ ਹਾਈ ਕਮਾਂਡ ਵੱਲੋਂ ਭਾਰਤ ਭੂਸ਼ਨ ਜੈਨ ਨੂੰ ਰਾਮਪੁਰਾ ਫੂਲ ਸਰਕਲ (ਮੰਡਲ) ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਨੇ ਇਸ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਸਵਾਗਤ ਕਰਦਿਆਂ ਪੰਜਾਬ ਐਜੰਟਿਬ ਮੈਂਬਰ ਵਿਵੇਕ ਗਰਗ ਤੇ ਮੱਖਣ ਜਿੰਦਲ ਰਾਮਪੁਰਾ ਮੰਡਲ ਦੇ ਵਰਕਰ ਸੰਜੀਵ ਮਹਿਰਾਜ, ਸਤਪਾਲ ਸ਼ਰਮਾ, ਡਾ: ਗੁਰਦੀਪ ਸਿੰਘ, ਪੰਜਾਬ ਕਿਸਾਨ ਮੋਰਚਾ ਦੇ ਸੈਕਟਰੀ ਰਾਹੁਲ ਸਿੱਧੂ ਮਹਿਰਾਜ ਨੇ ਕਿਹਾ ਭਾਰਤ ਭੂਸ਼ਨ ਜੈਨ ਦੀ ਇਸ ਨਿਯੁਕਤੀ ਨਾਲ ਭਾਰਤੀ ਜਨਤਾ ਪਾਰਟੀ 'ਚ ਭਾਰੀ ਉਤਸ਼ਾਹ ਤੇ ਜੋਸ਼ ਪੈਦਾ ਹੋਵੇਗਾ। ਇਸ ਮੌਕੇ ਨਵਨਿਯੁਕਤ ਸਰਕਲ ਪ੍ਰਧਾਨ ਰਾਮਪੁਰਾ ਫੂਲ ਭਾਰਤ ਭੂਸ਼ਨ ਜੈਨ ਨੇ ਸਮੁੱਚੀ ਜ਼ਿਲ੍ਹਾ ਤੇ ਪੰਜਾਬ ਲੀਡਰਸ਼ਿਪ ਦਾ ਧੰਨਵਾਦ ਕੀਤਾ।

ਮਾਂ ਬੋਲੀ ਦਿਵਸ ਨੂੰ ਸਮਰਪਤ ਲੋਕ ਜਗਾਵੇ ਦੀਆਂ ਤਿਆਰੀਆਂ ਜ਼ੋਰਾਂ 'ਤੇ : ਹਰਚੰਦਪੁਰੀ, ਵਰਿਆਣਵੀ

ਧੂਰੀ (ਸੁਖਦੇਵ ਧੂਰੀ)-ਕੇਂਦਰੀ ਪੰਜਾਬੀ ਲੇਖਕ ਸਭਾ ਸੋਖੋਂ ਰਜਿ: ਦੇ ਪ੍ਰਧਾਨ ਪਵਨ ਹਰਚੰਦਪੁਰੀ ਤੇ ਜਨਰਲ ਸਕੱਤਰ ਸੰਧੂ ਵਰਿਆਣਵੀ ਨੇ ਦੱਸਿਆ ਕਿ ਸਭਾ ਦੀ ਕਾਰਜਕਾਰਨੀ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਵਸ ਸਮਰਪਤ ਦਿਹਾੜੇ 21 ਫਰਵਰੀ ਨੂੰ ਸ਼ਾਮ ਦੇ ਪੰਜ ਵਜੇ ਢੋਲ ਦੇ ਡੱਗੇ 'ਤੇ ਲੋਕ ਜਗਾਵਾ ਕਰਕੇ ਇਹ ਮਹੱਤਵਪੂਰਨ ਦਿਨ ਮਨਾਇਆ ਜਾਵੇਗਾ। ਪ੍ਰੋਗਰਾਮ ਨੂੰ ਸਮੁੱਚੇ ਦੇਸ ਅੰਦਰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਾਰੇ ਰਾਜ ਪ੍ਰਮੁੱਖ ਸਮੁੱਚੀ ਕਾਰਜਕਾਰਨੀ, ਜ਼ਿਲ੍ਹਾ ਪ੍ਰਧਾਨਾਂ ਤੇ ਸਬੰਧਤ 117 ਸਭਾਵਾਂ ਦੇ ਮੁਖੀਆਂ ਨਾਲ ਸੰਪਰਕ ਹੋ ਚੁੱਕਿਆ ਹੈ, ਜਿਨ੍ਹਾਂ ਅੰਦਰ ਪੰਜਾਬੀ ਮਾਂ ਬੋਲੀ ਦਿਵਸ ਨੂੰ ਲੋਕ ਜਗਾਵੇ ਦੇ ਰੂਪ ਵਿੱਚ ਆਪਣੀ ਆਪਣੀ ਥਾਂ ਬਣਾਉਣ ਲਈ ਬਹੁਤ ਜੋਸ਼ ਤੇ ਉਤਸ਼ਾਹ ਹੈ। ਹਰਚੰਦ ਪੁਰੀ ਨੇ ਅੱਗੇ ਦੱਸਿਆ ਜੰਮੂ-ਕਸ਼ਮੀਰ ਦਿੱਲੀ ਝਾਰਖੰਡ ਬੰਗਾਲ ਤੇ ਉਤਰਾਖੰਡ ਦੇ ਮੁਖੀਆਂ ਦੇ ਫੈਸਲੇ ਅਨੁਸਾਰ ਮਾਂ ਬੋਲੀ ਦਿਵਸ ਮਨਾਉਣ ਦੇ ਯਤਨ ਆਰੰਭ ਕਰ ਦਿੱਤੇ ਹਨ। ਪੰਜਾਬ ਤੇ ਹਰਿਆਣੇ ਅੰਦਰਲੀਆਂ ਇਕਾਈਆਂ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਸਾਰੇ ਲੇਖਕ ਤੇ ਪੰਜਾਬੀ ਕੇਂਦਰੀ ਸਭਾ ਦੇ ਇਸ ਫੈਸਲੇ ਦੀ ਸ਼ਲਾਘਾ ਰਹੇ ਹਨ।

ਸੜਕ ਨਿਰਮਾਣ ਦੀ ਮੰਗ ਨੂੰ ਲੈ ਕੇ ਸਮਾਜ ਸੇਵੀ ਆਗੂਆਂ ਵੱਲੋਂ ਧਰਨਾ

ਮਲੋਟ (ਗੁਰਮੀਤ ਸਿੰਘ ਮੱਕੜ)

ਲਗਭਗ 20 ਸਾਲਾਂ ਤੋਂ ਵੱਧ ਸਮੇਂ ਤੋਂ ਮਲੋਟ-ਸ੍ਰੀ ਮੁਕਤਸਰ ਸਾਹਿਬ ਜਾਣ ਵਾਲੀ ਟੁੱਟੀ ਸੜਕ ਨੂੰ ਨਵੇਂ ਸਿਰੇ ਤੋਂ ਬਣਾਉਣ ਲਈ ਮਲੋਟ ਦੇ ਸਮਾਜ ਸੇਵੀ ਧਾਰਮਿਕ ਤੇ ਰਾਜਨੀਤਕ ਆਗੂਆਂ ਵੱਲੋਂ ਸ਼ਾਂਤਮਈ ਧਰਨਾ ਦਿੱਤਾ ਗਿਆ। ਸਿਟੀ ਵਿਕਾਸ ਮੰਚ ਤੇ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਲਗਾਏ ਗਏ ਧਰਨੇ ਨੂੰ ਸੰਬੋਧਨ ਕਰਦਿਆਂ ਸੁਖਦੇਵ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਜੋ ਚਾਲੀ ਮੁਕਤਿਆਂ ਦੀ ਪਵਿੱਤਰ ਧਰਤੀ ਤੋਂ ਇਲਾਵਾ ਜ਼ਿਲ੍ਹਾ ਹੈੱਡ ਕੁਆਟਰ

page-6-21-(FEB)-2023-G-(BV).qxd 2/20/2023 10:43 PM Page 1

ਕੋਆਪ੍ਰੇਟਿਵ ਬੈਂਕ ਖਿਲਾਫ ਧਰਨਾ 6 ਤੱਕ ਮੁਲਤਵੀ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋਂ ਕੋਆਪ੍ਰੇਟਿਵ ਬੈਂਕ ਬਰਾਂਚ ਦਬੁਰਜੀ ਵਿੱਚ ਕਿਸਾਨਾਂ ਨਾਲ ਵੱਡੀ ਪੱਧਰ 'ਤੇ ਹੋਈ ਧੋਖਾਧੜੀ ਅਤੇ ਹੋਰ ਘਪਲੇਬਾਜ਼ੀਆਂ ਵਿਰੁੱਧ ਬੈਂਕ ਅੱਗੇ ਪਿਛਲੇ 149 ਦਿਨਾਂ ਤੋਂ ਚੱਲ ਰਹੇ ਸੰਘਰਸ਼ ਨੂੰ ਤੇਜ਼ ਕਰਦਿਆਂ 21 ਫਰਵਰੀ ਨੂੰ ਕੋਆਪ੍ਰੇਟਿਵ ਬੈਂਕ ਤਰਨਤਾਰਨ (ਹੈੱਡ ਆਫਿਸ) ਤਰਨਤਾਰਨ ਅੱਗੇ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਸੀ, ਜਿਸ ਨੂੰ ਬੈਂਕ ਦੇ ਐੱਮਡੀ ਨਵਪ੍ਰੀਤ ਸਿੰਘ ਤੇ ਡੀਆਰ ਜਸਪ੍ਰੀਤ ਸਿੰਘ ਤੇ ਹੋਰ ਉੱਚ ਅਧਿਕਾਰੀਆਂ ਦੇ ਵਿਸ਼ਵਾਸ ਦਿਵਾਉਣ 'ਤੇ ਜਥੇਬੰਦੀ ਵੱਲੋਂ ਕੱਲ ਦਾ ਧਰਨਾ 6 ਮਾਰਚ ਤੱਕ ਮੁਲਤਵੀ ਕਰ ਦਿੱਤਾ ਗਿਆ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਪ੍ਰਧਾਨ ਨਵਜੀਤ ਸਿੰਘ ਗੋਹਲਵੜ ਨੇ ਦੱਸਿਆ ਕਿ ਦਬੁਰਜੀ ਬਰਾਂਚ ਵਿੱਚ ਕਿਸਾਨਾਂ ਨਾਲ ਕਰੋੜਾਂ ਰੁਪਏ ਦੀ ਧੋਖਾਧੜੀ ਕੀਤੀ ਗਈ ਹੈ। ਇਸ ਤੋਂ ਇਲਾਵਾ ਵੀ ਕੋਆਪ੍ਰੇਟਿਵ ਸੁਸਾਇਟੀ ਗੋਹਲਵੜ ਅਤੇ ਪੰਡੋਰੀ ਰਣ ਸਿੰਘ ਵਿੱਚ ਵੀ ਖਾਦਾਂ, ਖੇਤੀ ਮਸ਼ੀਨਰੀ ਸਮੇਤ ਹੋਰ ਵੀ ਬਹੁਤ ਸਾਰੀਆਂ ਵਿੱਤੀ ਘਪਲੇਬਾਜ਼ੀਆਂ ਕੀਤੀਆਂ ਗਈਆਂ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਇਹ ਸਾਰਾ ਘਪਲਾ ਬੈਂਕ ਅਤੇ ਸਹਿਕਾਰੀ ਸਭਾਵਾਂ ਦੇ ਉੱਚ ਅਧਿਕਾਰੀਆਂ ਦੇ ਵਾਰ-ਵਾਰ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਪੀੜਤ ਕਿਸਾਨਾਂ ਨੂੰ ਇਨਸਾਫ ਨਹੀਂ ਮਿਲਿਆ, ਜਿਸ ਕਰਕੇ 21 ਫਰਵਰੀ ਨੂੰ ਹੈੱਡ ਆਫਿਸ ਤਰਨਤਾਰਨ ਅੱਗੇ ਧਰਨਾ ਦੇਣ ਦਾ ਐਲਾਨ ਕੀਤਾ ਸੀ।

ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਬੈਂਕ ਦੇ ਐੱਮਡੀ ਨਵਪ੍ਰੀਤ ਸਿੰਘ ਅਤੇ ਡੀਆਰ ਜਸਪ੍ਰੀਤ ਸਿੰਘ ਤੇ ਬੈਂਕ ਦੇ ਉੱਚ ਅਧਿਕਾਰੀਆਂ ਨੇ ਕੁਝ ਮਸਲੇ ਲਿਖਤੀ ਰੂਪ ਵਿੱਚ ਹੱਲ ਕਰਕੇ ਦਿੱਤੇ ਹਨ। ਰਹਿੰਦੇ ਮਸਲੇ 6 ਮਾਰਚ ਤੱਕ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ ਹੈ ਜਿਸ ਤੋਂ ਬਾਅਦ ਜਥੇਬੰਦੀ ਨੇ 21 ਦਾ ਧਰਨਾ ਮੁਲਤਵੀ ਕਰ ਦਿੱਤਾ। ਕਿਸਾਨ ਆਗੂਆਂ ਨੇ ਚਿਤਾਵਨੀ ਦਿੰਦੇ ਕਿਹਾ ਕਿ ਜੇਕਰ 6 ਮਾਰਚ ਤੱਕ ਮਸਲੇ ਹੱਲ ਨਾ ਕੀਤੇ ਤਾਂ ਅਗਲੇ ਐਕਸ਼ਨ ਲਈ ਤਿਆਰ ਰਹਿਣ। ਆਗੂਆਂ ਨੇ ਅੱਗੇ ਕਿਹਾ ਕਿ ਕੋਆਪ੍ਰੇਟਿਵ ਬੈਂਕ ਬਰਾਂਚ ਦਬੁਰਜੀ ਅੱਗੇ ਲੱਗਾ ਪੱਕਾ ਮੋਰਚਾ ਮੰਗਾਂ ਦੇ ਹੱਲ ਹੋਣ ਤੱਕ ਜਾਰੀ ਰਹੇਗਾ।

ਇਸ ਮੌਕੇ ਬਲਜੀਤ ਸਿੰਘ ਰਟੌਲ, ਬਾਬਾ ਸਵਿੰਦਰ ਸਿੰਘ ਖਾਰਾ, ਅੰਗਰੇਜ਼ ਸਿੰਘ, ਗੁਰਮੇਜ ਸਿੰਘ ਦਬੁਰਜੀ, ਦਰਬਾਰਾ ਸਿੰਘ ਗੋਹਲਵੜ, ਨਿਰਮਲ ਸਿੰਘ ਗੋਹਲਵੜ ਅਤੇ ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

Before the district Consumer Disputes Redressal Commission, SCO No. 100, Adjoining Hotel P.R. Residency, Block B, Ranjit Avenue. Amritsar.

DCC/184/23/Asr/11.2.23 CC No. 595 of 2022

Harvinder Singh aged about 47 years son of Samarjit Singh R/o 521-B, Diamond Avenue. Majitha Road, Amritsar. Ph. 99150-95851 .....Complainant

Versus

1. Officer in Charge Scoot Air Lines Shri Guru Ram Das Jee International Airport Amritsar, Punjab. Ph.-9501010395, 82888899973

2. 2. Manager, Air Port Authority of India Shri Guru Ram Das Jee International Airport Amritsar. .....Opposite parties

Whereas it has been proved to the satisfaction of this commission that opposite parties No. 1 & 2 named above cannot be served by ordinary process and was. Therefore, ordered to be served through substitiuted service. Notice is being issued to the above named opposite parties no. 1 & 2 to appear before this commission either personally or through duly authorized agent/counsel on 2.3.2023 failing which ex-parte proceedings shall be heard against the above named opposite parties No. 1& 2.

Issued on this 30th day of January 2023

Sd/- (Jagdishwar Kumar Chopra) President Distt. Consumer Disputes Redressal Commission, Amritsar.

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜ਼ਾ-ਅਵੱਲ, ਮਾਹਿਲਪੁਰ

ਤਕਸੀਮ ਕੇਸ ਨੰਬਰ 71-71-ਏ,71-71-ਬੀ,71- 71- ਸੀ,

ਪਿੰਡ ਅਜਨੋਹਾ

ਨੰਬਰ 94 ਰੀਡਰ ਮਿਤੀ 14/02/2023

1, ਅਮਰਜੀਤ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਅਜਨੋਹਾ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ... ਐਪਲੀਕਾਟ

1,ਪਰਮਜੀਤ ਸਿੰਘ ਪੁੱਤਰ ਪਿਆਰਾ ਸਿੰਘ.2, ਹਰਕਿਸ਼ਨ ਸਿੰਘ ਪੁੱਤਰ ਪਿਆਰਾ ਸਿੰਘ.3, ਧਾਨ ਸਿੰਘ ਪੁੱਤਰ ਪਿਆਰਾ ਸਿੰਘ.4, ਖਜ਼ਾਨ ਸਿੰਘ ਪੁੱਤਰ ਪਿਆਰਾ ਸਿੰਘ.5, ਹਰਭਜਨ ਸਿੰਘ ਪੁੱਤਰ ਦੀਪ ਕੌਰ.6, ਗੁਰਚੇਤ ਸਿੰਘ ਪੁੱਤਰ ਗੁਰਬਖ਼ਸ਼ ਸਿੰਘ.7,ਨਰਿੰਦਰ ਕੌਰ ਵਿਧਵਾ ਤਰਲੋਚਨ ਸਿੰਘ.8, ਮਹਾਨ ਸਿੰਘ ਪੁੱਤਰ ਗੁਰਬਖ਼ਸ਼ ਸਿੰਘ.9, ਇਕਬਾਲ ਸਿੰਘ ਪੁੱਤਰ ਗੁਰਬਖ਼ਸ਼ ਸਿੰਘ.10, ਰਾਨਾ ਜੰਗ ਬਹਾਦਰ ਪੁੱਤਰ ਬਿਕਰਮਜੀਤ ਸਿੰਘ.11, ਕੁਲਦੀਪ ਕੌਰ ਵਿਧਵਾ ਬਿਕਰਮਜੀਤ ਸਿੰਘ.12, ਜਸਪਾਲ ਸਿੰਘ ਪੁੱਤਰ ਬਿਕਰਮਜੀਤ ਸਿੰਘ.13, ਸੁਰਿੰਦਰ ਪਾਲ ਸਿੰਘ ਬਿਕਰਮਜੀਤ ਸਿੰਘ.14, ਪਰਮਿੰਦਰ ਕੌਰ ਪੁੱਤਰੀ ਬਿਕਰਮਜੀਤ ਸਿੰਘ.15, ਗੁਰਬਖ਼ਸ਼ ਸਿੰਘ ਪੁੱਤਰ ਸਾਹਿਬ ਸਿੰਘ.16, ਮਨਪ੍ਰੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀਆਨ ਅਜਨੋਹਾ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ..ਉਤਰਵਾਦੀ

ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਉਪਰੋਕਤ ਧਿਰਾਂ ਦਾ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਚੱਲ ਰਿਹਾ ਹੈ ਇਸ ਕੇਸ ਵਿੱਚ ਉਤਰਵਾਦੀ ਧਿਰ ਦੀ ਇਤਲਾਹ ਸਧਾਰਣ ਤਰੀਕੇ ਨਾਲ ਨਹੀ ਹੋਈ ਹੈ ਉਤਰਵਾਦੀਆਂ ਦੀ ਤਾਮੀਲ ਵਾਸਤੇ ਪਹਿਲਾਂ ਹੀ ਮੁਸ਼ਤਰੀ ਮੁਨਾਦੀ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ ਮੁਸ਼ਤਰੀ ਮੁਨਾਦੀ ਹੋਣ ਦੇ ਬਾਵਜੂਦ ਵੀ ਉਤਰਵਾਦੀ ਹਾਜਰ ਅਦਾਲਤ ਨਹੀ ਆਏ ਇਸ ਲਈ ਇਸ ਕੇਸ ਸਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਵਿੱਚੋ ਕੋਈ ਵੀ ਹਾਜਰ ਨਹੀ ਹੋਇਆ ਇਸ ਲਈ ਇਸ ਕੇਸ ਸਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ ਨੋਟਿਸ ਛੱਪਣ ਦੇ 15 ਦਿਨ ਅੰਦਰ ਅੰਦਰ ਪੇਸ਼ ਕਰ ਸਕਦਾ ਹੈ ਨਿਸਚਿਤ ਮਿਤੀ ਤੋਂ ਬਾਅਦ ਵਿੱਚ ਕਿਸੇ ਦਾ ਕੋਈ ਉਜਰ ਕਾਬੇ ਗੌਰ ਨਹੀਂ ਹੋਵੇਗਾ ਅਤੇ ਕੇਸ ਦਾ ਫੈਸਲਾ ਕਰ ਦਿੱਤਾ ਜਾਵੇਗਾ ਇਹ ਇਸਤਿਹਾਰ ਮੇਰੇ ਹਸਤਾਖਰ ਅਤੇ ਮੋਹਰ ਨਾਲ ਮਿਤੀ 14.02.2023 ਜਾਰੀ ਹੋਇਆ ਹੈ।

ਨਾਇਬ ਤਹਿਸੀਲਦਾਰ, ਮਾਹਿਲਪੁਰ

Change of Name

I SARABJIT SINGH S/O KASHMIR SINGH R/O HNO.C-330,NEW PARTAP NAGAR CHUNGI WALA BAZAR NEAR KALA RATE BAJRI SULTANWIND ROAD AMRITSAR HAVE CHANGED MY NAME FROM SARABJIT SINGH TO SARBJIT SINGH

I, Parul Nischal S/o Surinder Mohan R/o H.No.411, Gate No.2, Green Avenue, Amritsar have changed my daughter's name from Myra to Myra Nischal.

I, Nishtha Khanna Alias Shikha Mehra W/o Naveen Khanna R/o 124-A, Anand Avenue, Near Manav Public School, Amritsar have changed my name to Nishtha Khanna.

I JAGTAR SINGH S/O BUTA SINGH R/O VPO BHAIL DHAI WALA TEH KHADOOR SAHIB DISTT TARN TARAN HAVE CERTIFIED THAT SINGH IS MY SURNAME AND JAGTAR IS MY GIVEN NAME.

I, Sukhjinder Kaur W/o SWARAN Singh R/o Vill Kot Sivian Da Tehsil AND District Tarn Taran have changed my name from Sukjinder kaur to Sukhjinder Kaur

Court Notice

Before the district Consumer Disputes Redressal Commission, SCO No. 100, Adjoining Hotel P.R. Residency, Block B, Ranjit Avenue. Amritsar.

DCC/184/23/Asr/11.2.23 CC No. 595 of 2022

Harvinder Singh aged about 47 years son of Samarjit Singh R/o 521-B, Diamond Avenue. Majitha Road, Amritsar. Ph. 99150-95851 .....Complainant

Versus

1. Officer in Charge Scoot Air Lines Shri Guru Ram Das Jee International Airport Amritsar, Punjab. Ph.-9501010395, 82888899973

2. 2. Manager, Air Port Authority of India Shri Guru Ram Das Jee International Airport Amritsar. ...Opposite parties

Whereas it has been proved to the satisfaction of this commission that opposite parties No. 1 & 2 named above cannot be served by ordinary process and was. Therefore, ordered to be served through substitiuted service. Notice is being issued to the above named opposite parties no. 1 & 2 to appear before this commission either personally or through duly authorized agent/counsel on 2.3.2023 failing which ex-parte proceedings shall be heard against the above named opposite parties No. 1& 2.

Issued on this 30th day of January 2023

Sd/- (Jagdishwar Kumar Chopra) President Distt. Consumer Disputes Redressal Commission, Amritsar.

ਫਾਰਮ ਆਈ ਐੱਨ ਸੀ-26

{ ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼, 2014 ਦੇ ਰੂਲ 30 ਦੀ ਪਾਲਣਾ 'ਚ }

ਸਨਮੁੱਖ ਕੇਂਦਰ ਸਰਕਾਰ ਖੇਤਰੀ ਡਾਇਰੈਕਟਰ ਉੱਤਰੀ ਖੇਤਰ, ਦਿੱਲੀ

ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਤੇ ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼, 2014 ਦੇ ਰੂਲ 30 ਦੇ ਸਬ ਰੂਲ (5) ਦੀ ਕਲਾਜ਼ (ਏ) ਦੇ ਮਾਮਲੇ 'ਚ

ਅਤੇ

ਊਸ਼ਾ ਫਿਲਟਰਜ਼ ਪ੍ਰਾਈਵੇਟ ਲਿਮਟਿਡ

(ਸੀ ਆਈ ਐੱਨ : ਯੂ34300 ਪੀ ਬੀ 1982 ਪੀ ਟੀ ਸੀ 005102) ਜਿਸ ਦਾ ਰਜਿਸਟਰਡ ਦਫਤਰ ਸਾਹਮਣੇ ਬ੍ਰਿਟਿਸ਼ ਕੋ ਐਡ ਸਕੂਲ, ਨੇੜੇ ਸੁਖਦੇਵ ਆਟੋ ਮੋਬਾਇਲਜ਼ ਦਿ ਲੋਅਰ ਮਾਲ, ਜ਼ਿਲ੍ਹਾ ਪਟਿਆਲਾ, ਪੰਜਾਬ ਦੇ ਮਾਮਲੇ 'ਚ

... ਬਿਨੈਕਾਰ ਕੰਪਨੀ/ਪਟੀਸ਼ਨਰ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 18 ਫਰਵਰੀ 2023 ਨੂੰ ਅਸਧਾਰਨ ਜਨਰਲ ਮੀਟਿੰਗ 'ਚ ਕੰਪਨੀ ਦਾ ਰਜਿਸਟਰਡ ਦਫਤਰ "ਪੰਜਾਬ ਸੂਬੇ" ਤੋਂ "ਉੱਤਰ ਪ੍ਰਦੇਸ਼ ਸੂਬੇ" 'ਚ ਤਬਦੀਲ ਕਰਨ ਸੰਬੰਧੀ ਪਾਸ ਕੀਤੇ ਮਤੇ ਦੇ ਮੱਦੇਨਜ਼ਰ ਕੰਪਨੀ, ਕੰਪਨੀਜ਼ ਐਕਟ 2013 ਦੇ ਸੈਕਸ਼ਨ 13 (4) ਤਹਿਤ ਕੰਪਨੀ ਦੇ ਮੇਮੋਰੈਂਡਮ ਆਫ ਐਸੋਸੀਏਸ਼ਨ 'ਚ ਤਬਦੀਲ ਕਰਨ ਦੀ ਪੁਸ਼ਟੀ ਲਈ ਕੇਂਦਰ ਸਰਕਾਰ ਨੂੰ ਅਰਜ਼ੀ ਦੇਣ ਦੀ ਚਾਹਵਾਨ ਹੈ।

ਕੰਪਨੀ ਦੇ ਰਜਿਸਟਰਡ ਦਫਤਰ ਦੀ ਇਸ ਤਸਵੀਜ਼ਤ ਤਬਦੀਲੀ ਕਾਰਨ ਜੇਕਰ ਕਿਸੇ ਵਿਅਕਤੀ ਦੇ ਹਿੱਤ ਪ੍ਰਭਾਵਤ ਹੁੰਦੇ ਹਨ ਤਾਂ ਉਹ ਐੱਮ ਸੀ ਏ-21 ਪੋਰਟਲ (www.mca.gov.in) 'ਤੇ ਇਨਵੈਸਟਰ ਕੰਪਲੇਂਟ ਫਾਰਮ ਰਾਹੀਂ ਜਾਂ ਕਾਰਨ ਦੱਸ ਸਕਦਾ ਹੈ ਜਾਂ ਉਹ ਆਪਣੇ ਇਤਰਾਜ਼ ਬਿਆਨ ਦੇ ਨਾਲ ਹਿੱਤ ਦੀ ਕਿਸਮ ਅਤੇ ਵਿਰੋਧ ਦਾ ਅਧਾਰ, ਖੇਤਰੀ ਡਾਇਰੈਕਟਰ, ਉੱਤਰੀ ਖੇਤਰ, ਕਾਰਪੋਰੇਟ ਮਾਮਲੇ ਮੰਤਰਾਲਾ, ਬੀ-2 ਵਿੰਗ, ਦੂਜੀ ਮੰਜ਼ਲ, ਪੰ. ਦੀਨ ਦਿਆਲ ਅੰਨਤੋਦਿਆ ਭਵਨ, ਸੀ ਜੀ ਓ ਕੰਪਲੈਕਸ, ਨਵੀਂ ਦਿੱਲੀ-110003 ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਚੌਦਾਂ (14) ਦਿਨਾਂ ਦੇ ਅੰਦਰ-ਅੰਦਰ ਬਿਨੈਕਾਰ ਕੰਪਨੀ ਨੂੰ ਉਸ ਦੇ ਹੇਠਾਂ ਦਰਸਾਏ ਰਜਿਸਟਰਡ ਦਫਤਰ ਦੇ ਪਤੇ 'ਤੇ ਇੱਕ ਕਾਪੀ ਨਾਲ ਰਜਿਸਟਰਡ ਡਾਕ ਰਾਹੀਂ ਭੇਜ ਸਕਦਾ ਹੈ।

ਸਾਹਮਣੇ ਬ੍ਰਿਟਿਸ਼ ਕੋ ਐਡ ਸਕੂਲ,
ਨੇੜੇ ਸੁਖਦੇਵ ਆਟੋ ਮੋਬਾਇਲਜ਼,
ਦਿ ਲੋਅਰ ਮਾਲ, ਜ਼ਿਲ੍ਹਾ ਪਟਿਆਲਾ, ਪੰਜਾਬ।

ਵਾਸਤੇ ਅਤੇ ਤਰਫੋਂ
ਊਸ਼ਾ ਫਿਲਟਰਜ਼ ਪ੍ਰਾਈਵੇਟ ਲਿਮਟਿਡ
ਸਹੀ/-
ਮਧੁਰ ਗੁਪਤਾ
(ਡਾਇਰੈਕਟਰ)
ਡੀ ਆਈ ਐੱਨ : 06758277

ਮਿਤੀ : 20.02.2023
ਸਥਾਨ : ਪਟਿਆਲਾ

Court Notice

In the Court of
Ms. Vibha Rana,
Judicial Magistrate- Ist Class, Amritsar
CNR No. PBAS030053302019
Next Date : 16.03.2023

The Amritsar Central Cooperative Bank Ldt., H.O. Hall Bazar, Amritsar, haveing branch office at Chheharta, Amritsar through its Branch Manager ..... complainant.

Versus

Gursharanjeet

U/S 138 Negotiable Instruments act

Notice to : Gursharanjeet S/o Tirath Ram R/o Near Sanjhi Sangat Gurudwara, Satguru Ram Singh Colony, Opp. Khalsa College Amritsar .....Accused.

Whereas complaint has been made before me that the above said accused has committed (or) suspected to ahve committed the office punishable under section 138 of Negotiable instrument Act and it has been returned to warrant of arrest thereupon issued that the said accused cannot be found and where it has been shown to my satisfaction that the said accused has absconded (or is concealing himself to avoid the service of the said warrant).

Proclamation is hereby made that the said accused is required to appear before this court (or before me) to answer the said complaint on 16.03.2023.

For details logon to https://highcourtchd.gov.in./?trs=district_notice&district=Amritsar

Sd/- Judicial Magistrate Ist Class Amritsar.

Court Notice

(U/o 5 Rule 20 CPC)
In the Court of Sh. Parinder Singh Civil Judge (Senior Division) Jalandhar
CNR No. PBJL-02-006841-2022
Next Date : 18.04.2023
CS/3602/2022
Kashmir Kaur
Vs. General Public

Suit for grant of decree of declaration as prayed for suit for grant of decree of Mandatory injuction

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.04.2023 at 10.00 a.m.

For details logon to https://highcourtchd.gov.in/?trs=district notice&district=Jalandhar

Civil Judge (Senior Division) Jalandhar
Dated, this day of 09.02.2023

Court Notice

(U/o 5 Rule 20 CPC)
In the Court of
Sh. Parinder Singh
Civil Judge (Senior Division) Jalandhar
CNR No. PBJL-02-006842-2022
Next Date : 18.04.2023
CS/3600/2022
Pooja Kapoor
Vs.
General Public

Suit for grant of decree of declaration as prayed for suit for grant of decree of Mandatory injuction

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.04.2023 at 10.00 a.m.

For details logon to https://highcourtchd.gov.in/?trs=district notice&district=Jalandhar

Civil Judge (Senior Division) Jalandhar
Dated, this day of 09.02.2023

Court Notice

(U/o 5 rule 20 CPC)
In the Court of Sh. Parshant Verma,Civil Judge Senior Division. Faridkot
Manju Rani W/o Bansi Lal S/o Sohan Lal
V/s The General Public

Application U/s 372 of the Indian CNR No. PBFD02-000216-2023 succession act.
Next Date : 3.04.2023

Publication issued to : The General Public :-fdk

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 03.04.2023 at 10.00 a.m.

For details logon to https://highcourtchd.gov.in/?trs=district notice&district=Faridkot

Civil Judge Senior Division, Faridkot
Dated, this day of 17.02.2023

Court Notice

(U/o 5 rule 20 CPC)
In the Court of Smt. Amarinder Singh Grewal, District and Sessions Judge, Kapurthala
V/s.
Charan Singh @ Gurcharan Singh & Anrs.
CNR No. PBKP01-003967-2020
Next Date : 23.03.2023

Publication issued to :

2) Smt. Shanti W/o Natha Ram C/o Delhi Motor Garage, Kapurthala Road, Jalandhar (Owner)

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 23.3.2023 at 10.00 a.m.

For details logon to https://highcourtchd.gov.in/?trs=district notice&district=Kapurthala

District and Sessions Judge, Kapurthala.
Dated, this day of 17.02.2023

Court Notice

In the Court of Ms. Vibha Rana, Judicial Magistrate-Ist Class, Amritsar
CNR No. PBAS030141302020
Next Date : 24.03.2023

M/s. HDFC Bank ltd. Through its authorized officer Rajendra Prasad (Lawful, attorney of compainant Bank), Having its branch at the Mall Road, Near Om Parkash Hospital, Amritsar.....complainant.

Versus

Sarbjeet Singh

U/s 138 Negotialble instruments act

Notice to : Sarbjeet Singh S/o Nirmal Singh Near Idea Showroom Jalandhar Road, Tarn Taran Mobile No. 9569990000. .....Accused.

Whereas complaint has been made before me that the above said accused has committed (or) suspected to ahve committed the office punishable under section 138 of Negotiable instrument Act and it has been returned to warrant of arrest thereupon issued that the said accused cannot be found and where it has been shown to my satisfaction that the said accused has absconded (or is concealing himself to avoid the service of the said warrant).

Proclamation is hereby made that the said accused is required to appear before this court (or before me) to answer the said complaint on 24.03.2023.

For details logon to https://highcourtchd.gov.in./?trs=district_notice&district=Amritsar

Sd/- Judicial Magistrate Ist Class. Amritsar.

ਕਲਾਸੀਫਾਈਡ ਇਸ਼ਤਿਹਾਰ

Lost & Found

I, Rajiv Kumar S/O Surinder Kumar, R/O Subash Park, Nurmahal, District Jalandhar do hereby inform that Original Regd sale Deed Dt 23-09-1999, Document No 1152 was lost / misplaced by me on 19-12-2022. In case this Regd Sale Deed is found, I may be contacted.

Public Notice

We, Anil Thakur S/o Bajrang Thakur and Aarti Thakur W/o Anil Thakur, both R/o 229/16 A, Village and Post Office Garha, Jalandhar declare that our son Yuvraj Thakur & his wife Nandni Thakur are out of our control. We disinherit them from our moveable and immovable properties. We and our family shall not be held responsible for any of their acts, deeds and things. All please note.

I, Lovedeep Singh S/o Rampal Singh R/o Khialiwala, Bathinda, Punjab-151201. Declare that Name of Mine has been wrongly written as Lovedeep Singh Sidhu in my 10th Class Educational Document. The actual name of Mine is Lovedeep Singh, which may be amended accordingly.

I, Bhawya Chaudhary W/O Lalit Gera, R/o R-12, Ground Floor, Block R,Near Shapphire Mall, Uppal Southend, Sector 49, South City -II, Gurgaon, Haryana-122018. I have changed the name of my minor Son Shivansh Gera aged about 1 year and He shall hereafter be known as Sohum

I, Jaspal Singh S/o Hazara Singh R/o Mohhalla New Katra, Sarwan Road, Kalanaur, Gurdaspur-143512. Declare that is known Jaspal Singh Alias Rashpal Singh are both my names. (Dogra)

ਆਮ ਸੂਚਨਾ

ਮੈਂ ਰਣਜੀਤ ਕੌਰ ਪਤਨੀ ਹਰਜਿੰਦਰ ਸਿੰਘ ਵਾਸੀ ਲੰਮਾ ਪਿੰਡ ਜਿਲ੍ਹਾ ਜਲੰਧਰ ਦੀ ਵਸਨੀਕ ਹਾਂ। ਮੈਂ ਜੋਗਾ ਸਿੰਘ ਗਿੱਲ ਉਰਫ ਜੋਗਾ ਸਿੰਘ ਪੁੱਤਰ ਸੁੱਚਾ ਸਿੰਘ ਪਿੰਡ ਤੇ ਡਾਕਖਾਨਾ ਰਾਣੀਪੁਰ ਰਾਜਪੂਤਾਂ ਕੋਲੋ ਜਮੀਨ ਖਰੀਦ ਕੀਤੀ ਹੈ ਜਿਸ ਵਿੱਚ ਮੋਟਰ ਕੁਨੈਕਸਨ ਨੰ:1197 ਜੋਕਿ 10 ਲੋਡ ਦੀ ਮੋਟਰ ਲੱਗੀ ਹੋਈ ਹੈ ਇਸਦਾ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਅੰਦਰ ਆਪਣਾ ਇਤਰਾਜ ਸੰਬੰਧਿਤ ਬਿਜਲੀ ਘਰ ਸਬ ਡਵੀਜਨ ਚਿਹੇੜੂ ਪਾਸ ਜਿਤਾ ਸਕਦਾ ਹੈ। ਐਸ ਡੀ ਓ ਪੰਜਾਬ ਰਾਜ ਪਾਵਰ ਕਾਰਪੋਰੇਸਨ ਸਬ ਡਵੀਜਨ ਚਹੇੜੂ। (ਕਮਲ ਰਾਏ)

ਮੈਂ ਜਗਦੀਸ਼ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਰੰਗੜ ਪਿੰਡੀ ਡਾਕਖਾਨਾ ਬਹਿਰਾਮਪੁਰ ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਕਮਲ ਸਿੰਘ ਪੁੱਤਰ ਜਗਦੀਸ਼ ਸਿੰਘ ਨੂੰ 24 ਅਕਤੂਬਰ 2019 ਨੂੰ ਨਵਾਂ ਜਮਾਨਾ ਅਖਬਾਰ ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ । ਹੁਣ ਉਹ ਮੇਰੇ ਕਹਿਣੇ ਵਿੱਚ ਹੈ । ਮੈਂ ਉਸ ਦਾ ਬੇਦਖਲੀ ਨੋਟਿਸ ਵਾਪਸ ਲੈਂਦਾ ਹਾਂ । (ਕੇ.ਪੀ. ਸਿੰਘ)

ਮਨਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਤਰਨਤਾਰਨ ਰੋਡ ਦਵਿੰਦਰ ਨਗਰ ਗੁਰੂ ਵਾਲੀ ਗਿੱਲਵਾਲੀ ਅੰਮ੍ਰਿਤਸਰ ਦਾ ਵਾਸੀ ਹਾਂ। ਮੇਰੇ ਨਾ ਇੱਕ ਟਿਊਬਵੈਲ ਕੁਨੈਕਸਨ ਨੰਬਰ 3-312 ਵਾਕਿਆ ਰਕਬਾ ਪਿੰਡ ਸਰਾਲੀ ਮੰਡਾ ਤਹਿਸੀਲ ਪੱਟੀ (ਤਰਨਤਾਰਨ) ਵਿਖੇ ਚਲਦਾ ਹੈ, ਜਿਸ ਨੂੰ ਮੈਂ ਅਮਰਜੀਤ ਕੌਰ ਪਤਨੀ ਗੁਰਮੇਜ ਸਿੰਘ ਪੁੱਤਰ ਜੋਗਿੰਦਰ ਸਿੰਘ ਵ

21-FEB-PAGE-7.qxd 2/20/2023 10:23 PM Page 1

ਖਾਲੀ ਪਲਾਟ ਸ਼ਹਿਰ ਵਾਸੀਆਂ ਲਈ ਬਣੇ ਸਿਰਦਰਦੀ !

ਮਲੋਟ (ਗੁਰਮੀਤ ਸਿੰਘ ਮੱਕੜ)

ਸ਼ਹਿਰ ਵਿਚ ਸਫਾਈ ਦੀ ਮਾੜੀ ਹਾਲਤ ਤੇ ਖਾਸ ਤੌਰ 'ਤੇ ਖੁੱਲ੍ਹੇ ਪਲਾਟਾਂ ਵਿੱਚ ਗੰਦਗੀ ਦੇ ਢੇਰਾਂ ਵਿੱਚੋਂ ਆਪਣੀ ਖੁਰਾਕ ਭਾਲਦੇ ਅਵਾਰਾ ਪਸ਼ੂਆਂ ਦਾ ਉੱਥੇ ਹੀ ਮਰ ਜਾਣਾ ਤੇ ਕਿਸੇ ਵੱਲੋਂ ਚੁੱਕਿਆ ਨਾ ਜਾਣਾ ਸ਼ਹਿਰ ਵਾਸੀਆਂ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ, ਜਿਸ ਦਾ ਹੱਲ ਵੀ ਹੁੰਦਾ ਨਜ਼ਰ ਨਹੀਂ ਆ ਰਿਹਾ, ਕਿਉਂਕਿ ਲੰਮੇ ਸਮੇਂ ਤੋਂ ਅਜਿਹਾ ਵਰਤਾਰਾ ਚੱਲਦਾ ਆ ਰਿਹਾ ਹੈ। ਸ਼ਹਿਰ ਵਿੱਚ ਕਈ ਥਾਵਾਂ 'ਤੇ ਖਾਲੀ ਪਲਾਂਟ ਪਏ ਹਨ, ਜਿਨ੍ਹਾਂ ਦੀ ਲੰਮੇ ਅਰਸੇ ਤੋਂ ਕੋਈ ਚਾਰਦੀਵਾਰੀ ਨਹੀਂ ਕੀਤੀ ਗਈ ਤੇ ਨਾ ਹੀ ਕੋਈ ਇਨ੍ਹਾਂ ਦਾ ਵਾਲੀ ਵਾਰਿਸ ਨਜ਼ਰ ਆਉਂਦਾ ਹੈ ਨਹੀਂ ਤਾਂ ਉਹ ਕੀਮਤੀ ਥਾਵਾਂ ਨੂੰ ਸੰਭਾਲਣ ਦਾ ਯਤਨ ਨਾ ਕਰਨ ਤੋਂ ਇਹ ਜਾਪਦਾ ਹੈ ਕਿ ਇਹ ਪਲਾਟ ਧਨਾਢ ਲੋਕਾਂ ਦੇ ਹਨ, ਪ੍ਰੰਤੂ ਇਨ੍ਹਾਂ ਖਾਲੀ ਪਏ ਪਲਾਟਾਂ ਤੋਂ ਨੇੜਲੇ ਦੁਕਾਨਦਾਰ ਤੇ ਘਰਾਂ ਵਾਲੇ ਕਿੰਨੇ ਦੁਖੀ ਹਨ। ਇਸ ਦਾ ਅੰਦਾਜ਼ਾ ਇਨ੍ਹਾਂ ਪਲਾਟਾਂ ਦੇ ਮਾਲਕਾਂ ਨੂੰ ਨਹੀਂ ਹੋਵੇਗਾ। ਸਥਾਨਕ ਰੇਲਵੇ ਸਟੇਸ਼ਨ ਦੇ ਸਾਹਮਣੇ ਬਿਨਾਂ ਕਿਸੇ ਚਾਰਦੀਵਾਰੀ ਤੋਂ ਕਈ ਪਲਾਟ ਪਏ ਹਨ, ਜਿਸ ਦੇ ਨੇੜੇ ਸ਼ਹਿਰ ਦੇ ਮੁੱਖ ਰੇਲਵੇ ਸਟੇਸ਼ਨ ਤੋਂ ਇਲਾਵਾ ਸ਼ਹਿਰ ਦਾ ਸਰਕਾਰੀ ਹਸਪਤਾਲ, ਸਕੂਲ ਤੇ ਬਾਜ਼ਾਰ ਵੀ ਹੈ, ਪ੍ਰੰਤੂ ਇੱਥੇ ਖਾਲੀ ਪਏ ਪਲਾਟਾਂ ਵਿੱਚ ਗੰਦਗੀ ਦੇ ਢੇਰ ਦਿਨ-ਰਾਤ ਤੁਰਦੇ ਫਿਰਦੇ ਅਵਾਰਾ ਪਸ਼ੂ ਤੇ ਫਿਰ ਇਨ੍ਹਾਂ ਆਵਾਰਾ ਪਸ਼ੂਆਂ ਦਾ ਇੱਥੇ ਹੀ ਮਰ ਜਾਣ ਨੇ ਨੇੜਲੇ ਦੁਕਾਨਦਾਰਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਦੁਕਾਨਦਾਰਾਂ ਦੀ ਮਾਰਕੀਟ ਦਾ ਕੰਮ ਨਹੀਂ ਚੱਲ ਰਿਹਾ ਹੈ, ਕਿਉਂਕਿ ਗੰਦਗੀ ਦੇ ਢੇਰ ਲੱਗੇ ਹੋਣ ਕਰਕੇ ਕੋਈ ਵੀ ਵਿਅਕਤੀ ਇਨ੍ਹਾਂ ਦੁਕਾਨਾਂ ਕੋਲ ਖੜਨਾ ਵੀ ਪਸੰਦ ਨਹੀਂ ਕਰਦਾ। ਦੂਜੇ ਪਾਸੇ ਇਨ੍ਹਾਂ ਦੁਕਾਨਦਾਰਾਂ ਨੂੰ ਵੱਡੀ ਮੁਸ਼ਕਲ ਮਰੇ ਹੋਏ ਪਸ਼ੂਆਂ ਦੀ ਆ ਰਹੀ ਹੈ, ਜੋ ਠੰਢ ਤੇ ਭੁੱਖ ਦੇ ਮਾਰੇ ਕੂੜੇ ਦੇ ਢੇਰ ਵਿੱਚੋਂ ਖੁਰਾਕ ਲੱਭਦੇ ਲੱਭਦੇ ਲਿਫਾਫੇ ਆਦਿ ਵੀ ਖਾ ਜਾਂਦੇ ਹਨ ਅਤੇ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ, ਜਿਸ ਨੂੰ ਚੁਕਵਾਉਣ ਇਨ੍ਹਾਂ ਦੁਕਾਨਦਾਰਾਂ ਦੀ ਮਜਬੂਰੀ ਬਣੀ ਹੋਈ ਹੈ। ਦੁਕਾਨਦਾਰਾਂ ਨੇ ਕਿਹਾ ਕਿ ਪਸ਼ੂਆਂ ਨੂੰ ਪਹਿਲਾਂ ਚੁਕਵਾਉਣ ਤੇ ਜੋ ਸੀ ਬੀ ਮਸ਼ੀਨ ਨਾਲ ਧਰਤੀ 'ਚ ਦਬਾਉਣ ਤੱਕ ਆਪਣੀ ਜੇਬ ਵਿੱਚੋਂ ਪੈਸੇ ਦੇ ਕੇ ਥੱਕ ਚੁੱਕੇ ਹਨ, ਪ੍ਰੰਤੂ ਨਗਰ ਕੌਂਸਲ ਵੱਲੋਂ ਇਸ ਸਬੰਧੀ ਕੋਈ ਹੱਲ ਨਹੀਂ ਕੀਤਾ ਗਿਆ।

ਉੱਧਰ ਦੂਜੇ ਪਾਸੇ ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਜਗਸੀਰ ਸਿੰਘ ਧਾਲੀਵਾਲ ਤੋਂ ਇਸ ਸਬੰਧੀ ਪੱਖ ਲੈਣਾ ਚਾਹਿਆ ਤਾਂ ਉਨ੍ਹਾ ਕਿਹਾ ਕਿ ਮਲੋਟ ਸ਼ਹਿਰ ਵਿੱਚ ਅਜਿਹੇ ਪਲਾਟ ਹਨ, ਜਿਨ੍ਹਾਂ ਦੀ ਚਾਰਦੀਵਾਰੀ ਅਜੇ ਤੱਕ ਨਹੀਂ ਹੋਈ। ਉਨ੍ਹਾ ਦੱਸਿਆ ਕਿ ਬਹੁਤ ਸਾਰੇ ਪਲਾਟਾਂ ਦੀ ਨਿਸ਼ਾਨਦੇਹੀ ਕਰਕੇ ਸਬੰਧਤ ਮਾਲਕਾਂ ਨੂੰ ਨੋਟਿਸ ਦੇ ਕੇ ਚਾਰਦੀਵਾਰੀ ਕਰਵਾਈ ਜਾ ਚੁੱਕੀ ਹੈ, ਪ੍ਰੰਤੂ ਅਜੇ ਤੱਕ ਵੀ ਕਈ ਪਲਾਟ ਅਜਿਹੇ ਹਨ, ਜਿਨ੍ਹਾਂ ਦੀ ਮਾਲਕੀ ਦੀ ਨਿਸ਼ਾਨਦੇਹ ਸਪੱਸ਼ਟ ਨਹੀਂ ਹੋ ਰਹੀ ਤੇ ਜਲਦ ਹੀ ਸ਼ਹਿਰ ਵਿੱਚ ਸਫਾਈ ਤੇ ਵਿਸ਼ੇਸ਼ ਤੌਰ 'ਤੇ ਰੇਲਵੇ ਸਟੇਸ਼ਨ ਨੇੜਲੇ ਪਲਾਟਾਂ ਦਾ ਮਾਮਲਾ ਹੱਲ ਕਰ ਲਿਆ ਜਾਵੇਗਾ।

ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦਾ ਸ਼ਹੀਦੀ ਦਿਹਾੜਾ ਅੱਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਾਬਾ ਮੋਤੀ ਰਾਮ ਜੀ ਮਹਿਰਾ ਟਰੱਸਟ ਵੱਲੋਂ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ, ਜਿਨ੍ਹਾਂ ਨੇ ਛੋਟੇ ਸਾਹਿਬਜਾਦੇ ਅਤੇ ਮਾਤਾ ਗੁਜਰ ਕੌਰ ਜੀ ਨੂੰ ਠੰਡੇ ਬੁਰਜ ਵਿੱਚ ਕੈਦ ਸਮੇਂ ਦੁੱਧ ਅਤੇ ਜਲ ਪਾਣੀ ਦੀ ਸੇਵਾ ਬਦਲੇ ਵਜ਼ੀਦ ਖਾਂ ਨੇ ਸਮੇਤ ਪਰਵਾਰ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰਾ ਦਿੱਤਾ ਸੀ, ਦੀ ਮਿੱਠੀ ਯਾਦ ਨੂੰ ਸਮਰਪਤ ਸਾਲਾਨਾ ਸ਼ਹੀਦੀ ਸਮਾਗਮ ਬਾਬਾ ਮੋਤੀ ਰਾਮ ਮਹਿਰਾ ਯਾਦਗਾਰ ਵਿਖੇ 21 ਫਰਵਰੀ ਨੂੰ ਮਨਾਇਆ ਜਾਵੇਗਾ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਪਿਛਲੇ ਤਿੰਨ ਦਿਨ ਤੋਂ ਰਖਵਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10 ਵਜੇ ਪਾਏ ਜਾਣਗੇ ਤੇ ਭਾਈ ਜ਼ਸਵਿੰਦਰ ਸਿੰਘ ਸਾਬਕਾ ਹੈੱਡ ਗ੍ਰੰਥੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਕਥਾ ਰਾਂਹੀ ਸੰਗਤਾਂ ਨੂੰ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਸ਼ਹਾਦਤ ਤੇ ਲਾਸਾਨੀ ਕੁਰਬਾਨੀ ਬਾਰੇ ਜਾਣੂ ਕਰਾਉਣਗੇ, ਜਦੋਂਕਿ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਦਾ ਭਾਈ ਹਰਦੀਪ ਸਿੰਘ ਦਾ ਰਾਗੀ ਜਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐਸ ਐਸ, ਗੁਰਮੀਤ ਸਿੰਘ ਸੈਕਟਰੀ, ਜੈਕ੍ਰਿਸ਼ਨ ਮੀਤ ਚੇਅਰਮੈਨ, ਮੈਨੇਜਰ ਨਵਜੋਤ ਸਿੰਘ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਦਿਹਾੜੇ 'ਤੇ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਸ਼ਰਧਾ ਸੁਮਨ ਭੇਟ ਕਰਨ।

ਆਪ ਸਰਕਾਰ ਖੇਡਾਂ ਦੀ ਪੁਰਾਣੀ ਸ਼ਾਨ ਬਹਾਲ ਕਰੇਗੀ : ਅਨਮੋਲ ਗਗਨ ਮਾਨ

■ ਬਰੂਮਾਂ ਵਿਖੇ ਖੇਡ ਮੇਲੇ ਮੌਕੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਖੇਡਾਂ ਨੂੰ ਪ੍ਰਫੁਲਤ ਕਰਨ ਲਈ ਵਚਨਬੱਧ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵੱਲੋਂ ਸ਼ਹੀਦ ਕਰਨੈਲ ਸਿੰਘ (ਵੀਰ ਚੱਕਰ ਵਿਜੇਤਾ), ਸ਼ਹੀਦ ਰਤਨ ਸਿੰਘ ਤੇ ਸ਼ਹੀਦ ਜੋਗਿੰਦਰ ਸਿੰਘ ਦੀ ਯਾਦ ਨੂੰ ਸਮਰਪਤ ਪਿੰਡ ਬਰੂਮਾਂ ਨੇੜੇ ਸਮਰਾਲਾ ਵਿਖੇ ਗ੍ਰਾਮ ਪ੍ਰਚਾਇਤ ਤੇ ਐੱਨ.ਆਰ.ਆਈ. ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ 72ਵੇਂ ਸ਼ਾਨਦਾਰ ਖੇਡ ਮੇਲੇ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਨਾਲ ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਵੀ ਮੌਜੂਦ ਸਨ।

ਇਸ ਮੌਕੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਉਨ੍ਹਾਂ ਆਪਣੇ ਸੰਬੋਧਨ ਵਿੱਚ ਕਬੱਡੀ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਇੱਕ ਨਰੋਏ ਪੰਜਾਬ ਦੀ ਸਿਰਜਣਾ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ। ਉਨ੍ਹਾਂ ਪਿੰਡ ਵਾਸੀਆਂ ਵੱਲੋਂ ਰੱਖੀਆਂ ਮੰਗਾਂ ਦੇ ਸਬੰਧ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਦਿੱਤੀ ਇੱਕ-ਇੱਕ ਗਾਰੰਟੀ ਨੂੰ ਪੂਰਿਆਂ ਕਰੇਗੀ ਤੇ ਜਲਦ ਉਨ੍ਹਾਂ ਦਾ ਹਸਪਤਾਲ, ਖੇਡ ਮੈਦਾਨ ਤੇ ਸਕੂਲ ਨੂੰ ਅੱਪਗ੍ਰੇਡ ਕਰਨ ਦੇ ਕੰਮਾਂ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਆਪਣੇ ਅਖਤਿਆਰੀ ਫੰਡ ਵਿੱਚੋਂ ਖੇਡ ਮੇਲੇ ਲਈ 2 ਲੱਖ ਰੁਪਏ ਦੀ ਰਾਸ਼ੀ ਵੀ ਜਾਰੀ ਕੀਤੀ।

ਕੈਬਨਿਟ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਇਤਿਹਾਸਕ ਫਤਵਾ ਦਿੱਤਾ ਹੈ ਤੇ ਸੂਬੇ ਅਤੇ ਲੋਕਾਂ ਦੀ ਭਲਾਈ ਲਈ ਹਰ ਫੈਸਲਾ ਲਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਨੂੰ ਵਿਕਾਸ ਤੇ ਖੁਸ਼ਹਾਲੀ ਦੀਆਂ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਠੋਸ ਉਪਰਾਲੇ ਕਰ ਰਹੇ ਹਨ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਕਰਾਉਣ ਵਾਲੀਆਂ ਪ੍ਰਬੰਧਕ ਕਮੇਟੀਆਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ ਤਾਂ ਜੋ ਆਉਣ ਵਾਲੇ ਸਾਲਾਂ ਵਿੱਚ ਹੋਰ ਚੈਂਪੀਅਨ ਪੈਦਾ ਕੀਤੇ ਜਾ ਸਕਣ। ਉਨ੍ਹਾ ਕਿਹਾ ਕਿ ਪੰਜਾਬੀ ਨੌਜਵਾਨਾਂ ਵਿੱਚ ਪ੍ਰਤਿਭਾ ਦੀ ਕੋਈ ਘਾਟ ਨਹੀਂ ਹੈ, ਪਰ ਉਨ੍ਹਾਂ ਨੂੰ ਇੱਕ ਪਲੇਟਫਾਰਮ ਦੀ ਲੋੜ ਹੈ।

ਉਨ੍ਹਾ ਕਿਹਾ ਕਿ ਪੰਜਾਬ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ, ਮੈਦਾਨਾਂ ਤੇ ਸਾਜ਼ੋ-ਸਾਮਾਨ ਸਮੇਤ ਖੇਡਾਂ ਦੀਆਂ ਸਹੂਲਤਾਂ ਦੀ ਮੁਕੰਮਲ ਤਬਦੀਲੀ ਨੂੰ ਯਕੀਨੀ ਬਣਾਉਣ ਲਈ ਹਰ ਕਦਮ ਚੁੱਕਿਆ ਜਾਵੇਗਾ।

ਕਾਤਰਾਂ

ਹੈਰੋਇਨ ਰੱਖਣ ਦੇ ਮਾਮਲੇ 'ਚ ਸਜ਼ਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਸੈਸ਼ਨ ਅਦਾਲਤ ਵੱਲੋਂ ਹੈਰੋਇਨ ਰੱਖਣ ਦੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜਾਣਕਾਰੀ ਅਨੁਸਾਰ ਥਾਣਾ ਸਦਰ ਫ਼ਿਰੋਜ਼ਪੁਰ ਪੁਲਸ 20 ਦਸੰਬਰ 2017 ਨੂੰ ਦਰਜ ਮਾਮਲੇ ਵਿੱਚ ਸੀ.ਆਈ.ਏ. ਸਟਾਫ਼ ਦੇ ਸਬ-ਇੰਸਪੈਕਟਰ ਓਮ ਪ੍ਰਕਾਸ਼ ਨੇ ਦੱਸਿਆ ਕਿ ਗਸ਼ਤ ਦੌਰਾਨ ਪਿੰਡ ਪੱਲਾ ਮੇਘਾ ਕੋਲ ਇੱਕ ਆਦਮੀ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਤਲਾਸ਼ੀ ਲੈਣ ਉਪਰੰਤ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਚੱਲੇ ਮਾਮਲੇ ਅੰਦਰ ਭੁਗਤੀਆਂ ਗਵਾਹੀਆਂ ਨੂੰ ਵੇਖਣ ਤੋਂ ਬਾਅਦ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਫ਼ਿਰੋਜ਼ਪੁਰ ਹਰਦੀਪ ਸਿੰਘ ਦੀ ਅਦਾਲਤ ਨੇ ਨਾਮਜ਼ਦ ਨਿਸ਼ਾਨ ਸਿੰਘ ਪੁੱਤਰ ਜੋਗਿੰਦਰ ਸਿੰਘ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਇੱਕ ਸਾਲ ਕੈਦ ਤੇ 3 ਹਜ਼ਾਰ ਨਕਦ ਜੁਰਮਾਨਾ ਤਾਰਨ ਦਾ ਹੁਕਮ ਦਿੱਤਾ।

ਠੱਗੀ ਮਾਰਨ ਦੇ ਦੋਸ਼ 'ਚ ਦੋ ਔਰਤਾਂ ਸਣੇ ਤਿੰਨ ਵਿਰੁੱਧ ਮਾਮਲਾ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਵਿਦੇਸ਼ ਭੇਜਣ ਦੇ ਨਾਂਅ 'ਤੇ ਜੀਜੇ ਤੇ ਸਾਲੇ ਨਾਲ ਠੱਗੀ ਮਾਰਨ ਦੇ ਦੋਸ਼ 'ਚ ਥਾਣਾ ਬਸੀ ਪਠਾਣਾਂ ਦੀ ਪੁਲਸ ਵੱਲੋਂ ਕਥਿਤ ਔਰਤਾਂ ਸੋਨੀ, ਸਰਿਆ ਨੰਦ ਤੇ ਉਨ੍ਹਾਂ ਦੇ ਇੱਕ ਕਥਿਤ ਸਾਥੀ ਦੱਸੇ ਜਾ ਰਹੇ ਮਨਦੀਪ ਸਿੰਘ ਵਿਰੁੱਧ ਅ/ਧ 420,120-ਬੀ. ਆਈ.ਪੀ.ਸੀ. ਤੇ ਪੰਜਾਬ ਟ੍ਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ 2014 ਦੀ ਧਾਰਾ 13 ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜ਼ਿਲ੍ਹਾ ਪੁਲਸ ਮੁਖੀ ਨੂੰ ਦਿੱਤੀ ਸ਼ਿਕਾਇਤ 'ਚ ਮਲਾਗਰ ਸਿੰਘ ਵਾਸੀ ਪਿੰਡ ਨੰਦਪੁਰ ਨੇ ਦੱਸਿਆ ਸੀ ਕਿ ਕਥਿਤ ਵਿਅਕਤੀਆਂ ਸੋਨੀ ਪਤਨੀ ਜਰਨੈਲ ਸਿੰਘ ਵਾਸੀ ਪਿੰਡ ਨੰਦਪੁਰ, ਮਨਦੀਪ ਸਿੰਘ ਪੁੱਤਰ ਹਰਮੇਸ਼ ਸਿੰਘ ਅਤੇ ਸਰਿਆ ਨੰਦ ਪਤਨੀ ਸਿਮਰਨਜੀਤ ਸਿੰਘ ਵਾਸੀਆਨ ਪਿੰਡ ਮਨਾਨਾ ਨੇ ਉਸ ਨੂੰ ਤੇ ਉਸਦੇ ਸਾਲੇ ਲਛਮਣ ਸਿੰਘ ਨੂੰ ਦੁਬਈ ਭੇਜਣ ਦਾ ਝਾਂਸਾ ਦੇ ਕੇ ਉਨ੍ਹਾਂ ਨਾਲ 1,27,000 ਰੁਪਏ ਦੀ ਠੱਗੀ ਮਾਰ ਲਈ। ਪੜਤਾਲੀਆ ਅਧਿਕਾਰੀ ਵੱਲੋਂ ਕੀਤੀ ਗਈ ਸ਼ਿਕਾਇਤ ਦੀ ਪੜਤਾਲ ਦੌਰਾਨ ਧੋਖਾਧੜੀ ਦੇ ਦੋਸ਼ ਸਹੀ ਪਾਏ ਜਾਣ 'ਤੇ ਥਾਣਾ ਬਸੀ ਪਠਾਣਾਂ ਦੀ ਪੁਲਸ ਨੇ ਉਪਰੋਕਤ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਕੈਨੇਡਾ ਦਾ ਸਾਲਾਨਾ ਸਮਾਗਮ 26 ਨੂੰ

ਸੰਗਰੂਰ (ਪ੍ਰਵੀਨ ਸਿੰਘ)-ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਕੈਨੇਡਾ ਦਾ ਦੂਜਾ ਸਾਲਾਨਾ ਸਮਾਗਮ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੇ ਸਹਿਯੋਗ ਨਾਲ 26 ਫਰਵਰੀ ਨੂੰ ਸਵੇਰੇ 10:00 ਵਜੇ ਸਰਕਾਰੀ ਰਣਬੀਰ ਕਾਲਜ ਵਿਖੇ ਹੋ ਰਿਹਾ ਹੈ। ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਨੂੰ ਸਮਰਪਤ ਇਸ ਵਿਸ਼ਾਲ 'ਚਿੰਤਨ ਤੇ ਸਨਮਾਨ ਸਮਾਗਮ' ਦੀ ਪ੍ਰਧਾਨਗੀ ਉੱਘੇ ਸਾਹਿਤਕਾਰ ਹਰਬੰਸ ਸਿੰਘ ਅਖਾੜਾ ਕਰਨਗੇ, ਜਿਸ ਵਿੱਚ ਕੈਨੇਡਾ ਇਕਾਈ ਦੇ ਸੰਚਾਲਕ ਹਰਦਿਆਲ ਸਿੰਘ ਗਰਚਾ, ਨਿਰਮਲ ਸਿੰਘ ਤੇ ਦਵਿੰਦਰ ਸਿੰਘ ਘਟੌੜਾ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ। ਭਾਈਚਾਰੇ ਦੇ ਸੰਚਾਲਕ ਦਵਿੰਦਰ ਸਿੰਘ ਸੇਖਾ, ਮਿੱਤਰ ਸੈਨ ਮੀਤ, ਮਹਿੰਦਰ ਸਿੰਘ ਸੇਖੋਂ ਤੇ ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਇਸ ਸਮਾਗਮ ਵਿੱਚ 'ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਅਤੇ ਹੱਲ' ਵਿਸ਼ੇ 'ਤੇ ਵਿਚਾਰ-ਚਰਚਾ ਹੋਵੇਗੀ। ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਪ੍ਰੋ. ਇੰਦਰਪਾਲ ਸਿੰਘ, ਸੁਖਵਿੰਦਰ ਸਿੰਘ ਲੋਟੇ ਤੇ ਅਵਤਾਰ ਸਿੰਘ ਜਗਰਾਉਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਵਿਧਾਵਾਂ ਵਿੱਚ ਨਿਪੁੰਨਤਾ ਹਾਸਲ ਕਰਨ ਵਾਲੇ ਕਾਲਜ ਦੇ ਵਿਦਿਆਰਥੀਆਂ ਰਵਿੰਦਰ ਕੌਰ ਗੋਲਡੀ, ਰਜਨੀ, ਸਤਿਗੁਰ ਸਿੰਘ, ਕੁਲਦੀਪ ਸਿੰਘ ਪੰਧੇਰ, ਕੁਲਦੀਪ ਨਿਆਜ ਤੇ ਹਰਪ੍ਰੀਤ ਕੌਰ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਨਵਰੰਗ ਪਬਲੀਕੇਸ਼ਨਜ਼ ਵੱਲੋਂ ਪੁਸਤਕ ਪ੍ਰਦਰਸ਼ਨੀ ਤੇ ਸੁਖਵਿੰਦਰ ਸਿੰਘ ਲੋਟੇ ਦੀ ਟੀਮ ਵੱਲੋਂ ਵਿਲੱਖਣ ਕਲਾਵਾਂ ਦੀ ਪ੍ਰਦਰਸ਼ਨੀ ਵੀ ਲਾਈ ਜਾਵੇਗੀ।

21-Feb-PAGE-8.qxd 2/20/2023 10:57 PM Page 1

ਪੰਜਾਬ ਪੁਲਸ ਨੇ ਗ਼ੈਰ-ਕਾਨੂੰਨੀ ਤਸਕਰੀ ਨੂੰ ਠੱਲ੍ਹ ਪਾਉਣ ਲਈ ਚਲਾਇਆ 'ਅਪ੍ਰੇਸ਼ਨ ਸੀਲ'

ਚੰਡੀਗੜ੍ਹ, (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਪੁਲਸ ਵੱਲੋਂ ਸਰਹੱਦੀ ਸੂਬੇ ਪੰਜਾਬ 'ਚ ਦਾਖਲ ਹੋਣ ਵਾਲੇ ਸਾਰੇ ਵਾਹਨਾਂ ਦੀ ਚੈਕਿੰਗ ਕਰਨ ਦੇ ਮਕਸਦ ਨਾਲ 'ਆਪ੍ਰੇਸ਼ਨ ਸੀਲ' ਚਲਾਇਆ ਗਿਆ। ਇਹ ਕਾਰਵਾਈ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਅਮਲ ਵਿੱਚ ਲਿਆਂਦੀ ਗਈ। ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਰਾਜਸਥਾਨ ਅਤੇ ਹਰਿਆਣਾ ਨਾਲ ਲਗਦੀਆਂ ਸਰਹੱਦਾਂ ਵਾਲੇ 10 ਜ਼ਿਲ੍ਹਿਆਂ ਦੇ ਸਾਰੇ 131 ਐਂਟਰੀ/ਐਗਜ਼ਿਟ ਪੁਆਇੰਟਾਂ 'ਤੇ ਇੰਸਪੈਕਟਰਜ਼/ਡੀਐਸਪੀਜ਼ ਦੀ ਨਿਗਰਾਨੀ ਹੇਠ 1600 ਪੁਲਸ ਕਰਮੀਆਂ ਦੇ ਅਮਲੇ ਵੱਲੋਂ ਪੂਰਨ ਤਾਲਮੇਲ ਨਾਲ ਚੌਕਸੀ ਭਰਪੂਰ ਤੇ ਮਜ਼ਬੂਤ ਨਾਕੇ ਲਗਾਏ ਗਏ । 10 ਅੰਤਰ-ਰਾਜੀ ਸਰਹੱਦੀ ਜ਼ਿਲਿਆਂ ਵਿੱਚ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੋਪੜ, ਐਸ.ਏ.ਐਸ. ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਸ਼ਾਮਲ ਹਨ। ਇਹ ਆਪ੍ਰੇਸ਼ਨ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਪੂਰੇ ਤਾਲਮੇਲ ਨਾਲ ਚਲਾਇਆ ਗਿਆ ਅਤੇ ਸਾਰੇ ਐਸ.ਐਸ.ਪੀਜ਼. ਨੂੰ ਤਾਕੀਦ ਕੀਤੀ ਗਈ ਸੀ ਕਿ ਅਪਰੇਸ਼ਨ ਨੂੰ ਸਫਲ ਬਣਾਉਣ ਲਈ

ਸੀਲਿੰਗ ਪੁਆਇੰਟਾਂ 'ਤੇ ਗਜ਼ਟਿਡ ਅਫਸਰਾਂ /ਐਸ.ਐਚ.ਓ.ਦੀ ਨਿਗਰਾਨੀ ਹੇਠ ਵੱਧ ਤੋਂ ਵੱਧ ਪੁਲਿਸ ਅਧਿਕਾਰੀਆਂ/ਕਰਮੀਆਂ ਨੂੰ ਜੁਟਾਇਆ ਜਾਵੇ ਅਤੇ ਮਜ਼ਬੂਤ 'ਨਾਕੇ' ਲਗਾਏ ਜਾਣ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਾਇਰੈਕਟਰ ਜਨਰਲ ਆਫ ਪੁਲਸ (ਏਡੀਜੀਪੀ) ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਸ ਆਪ੍ਰੇਸ਼ਨ ਦਾ ਉਦੇਸ਼ ਗੈਰ-ਕਾਨੂੰਨੀ ਢੰਗ ਨਾਲ ਨਸ਼ਿਆਂ ਤੇ ਨਾਜ਼ਾਇਜ ਸ਼ਰਾਬ ਦੀ ਤਸਕਰੀ ਤੇ ਰੋਕ ਲਾਉਣਾ ਅਤੇ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਗਤੀਵਿਧੀਆਂ ਨੂੰ ਠੱਲ ਪਾਉਣਾ ਹੈ। ਉਨਾਂ ਕਿਹਾ ਕਿ ਆਪ੍ਰੇਸ਼ਨ ਦੌਰਾਨ ਸ਼ੱਕੀ ਵਾਹਨਾਂ/ਵਿਅਕਤੀਆਂ ਦੀ ਬਾਰੀਕੀ ਨਾਲ ਤਲਾਸ਼ੀ ਕੀਤੀ ਗਈ ਅਤੇ ਆਮ ਲੋਕਾਂ ਦੀ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਇਆ ਗਿਆ। ਉਨਾਂ ਅੱਗੇ ਕਿਹਾ ਕਿ ਸਾਰੇ ਪੁਲਸ ਮੁਲਾਜਮਾਂ ਨੂੰ ਸਖ਼ਤੀ ਨਾਲ ਹਦਾਇਤ ਕੀਤੀ ਗਈ ਸੀ ਕਿ ਆਪ੍ਰੇਸ਼ਨ ਦੌਰਾਨ ਹਰੇਕ ਵਿਅਕਤੀ ਦੇ ਵਾਹਨ ਦੀ ਨਿਮਰਤਾ ਅਤੇ ਦੋਸਤਾਨਾ ਢੰਗ ਨਾਲ ਚੈਕਿੰਗ ਕੀਤੀ ਜਾਵੇ। ਏ.ਡੀ.ਜੀ.ਪੀ. ਨੇ ਦੱਸਿਆ ਕਿ ਸੂਬੇ ਵਿੱਚ ਦਾਖ਼ਲ ਹੋਣ ਵਾਲੇ 6378 ਵਾਹਨਾਂ ਦੀ ਚੈਕਿੰਗ ਕੀਤੀ ਗਈ, ਜਿਨਾਂ ਵਿੱਚੋਂ 366 ਦੇ ਚਲਾਨ ਕੀਤੇ ਗਏ ਅਤੇ 32 ਨੂੰ ਜ਼ਬਤ ਕੀਤਾ ਗਿਆ। ਪੁਲਸ ਨੇ 33 ਐਫਆਈਆਰਜ਼ ਦਰਜ ਕੀਤੀਆਂ ਅਤੇ ਤਿੰਨ ਭਗੌੜੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ। ਇਸ ਤੋਂ ਇਲਾਵਾ ਪੁਲਸ ਟੀਮਾਂ ਨੇ 70 ਕਿਲੋ ਚੂਰਾ ਪੋਸਤ, 1 ਕਿਲੋ ਚਰਸ, 110 ਗ੍ਰਾਮ ਹੈਰੋਇਨ ਅਤੇ 1 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਜ਼ਿਕਰਯੋਗ ਹੈ ਕਿ ਅਜਿਹੇ ਆਪ੍ਰੇਸ਼ਨ ਸੂਬੇ ਵਿੱਚ ਪੁਲਸ ਦੀ ਮੁਸਤੈਦ ਮੌਜੂਦਗੀ ਨੂੰ ਦਰਸਾਉਣ ਦੇ ਨਾਲ-ਨਾਲ ਸਮਾਜ ਵਿਰੋਧੀ ਅਨਸਰਾਂ ਵਿੱਚ ਪੁਲਸ ਦਾ ਖ਼ੌਫ ਪੈਦਾ ਕਰਨ ਅਤੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ।

ਚੋਰਾਂ ਨੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦੇ ਘਰੋਂ ਲੱਖਾਂ ਰੁਪਏ ਦੀ ਨਗਦੀ ਤੇ ਸੋਨੇ 'ਤੇ ਕੀਤਾ ਹੱਥ ਸਾਫ

ਗੁਰਾਇਆ (ਬਿੰਦਰ ਸੁੰਮਨ)- ਇਲਾਕੇ ਵਿੱਚ ਲੁੱਟ ਖੋਹ ਅਤੇ ਚੋਰੀ ਦੀਆ ਵਾਰਦਾਤਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਚੋਰਾਂ ਦੇ ਹੌਸਲੇ ਇਹਨੇ ਬੁਲੰਦ ਹਨ ਕਿ ਦਿਨ ਦਿਹਾੜੇ ਹੀ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਤਾਜਾ ਮਾਮਲਾ ਗੁਰਾਇਆ ਦੇ ਮੁਹੱਲਾ ਰਵਿਦਾਸ ਨਗਰ ਤੋਂ ਸਾਹਮਣੇ ਆਇਆ ਹੈ ਜਿੱਥੇ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਸਾਹਿਬ ਦੇ ਪ੍ਰਧਾਨ ਦੇ ਘਰ ਦਿਨ ਦਿਹਾੜੇ ਹੀ ਚੋਰਾਂ ਵੱਲੋਂ ਚੋਰੀ ਦੀ ਵਾਰਦਾਤ ਨੂੰ ਅੰਜ਼ਾਮ ਦਿੱਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਲੰਬੜਦਾਰ ਹੈਪੀ ਮਾਹੀ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਨਾਲ ਮਾਤਾ ਦੀ ਦਵਾਈ ਲੈਣ ਗਏ ਹੋਏ ਸਨ ਅਤੇ ਜਦੋਂ ਵਾਪਸ ਆ ਕੇ ਦੇਖਿਆ ਤਾਂ ਸਾਰਾ ਸਮਾਨ ਖਿਲਰਿਆ ਪਿਆ ਸੀ ਅਤੇ ਚੋਰ ਘਰੋਂ ਗੁਰਦੁਆਰਾ ਸਾਹਿਬ ਦੀ ਕਰੀਬ 4 ਲੱਖ ਰੁਪਏ ਦੀ ਨਗਦੀ, ਇਕ ਸੋਨੇ ਦੀ ਚੈਨ, ਸੋਨੇ ਦੀਆਂ ਵਾਲੀਆ, ਇਕ ਸੋਨੇ ਦੀ ਮੁੰਦੀ ਲੈ ਕੇ ਫ਼ਰਾਰ ਹੋ ਗਏ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਗਈ ਹੈ। ਮੌਕੇ ਤੇ ਪਹੁੰਚੇ ਏ ਐਸ ਆਈ ਉਮੇਸ਼ ਕੁਮਾਰ ਨੇ ਕਿਹਾ ਕਿ ਚੋਰਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਉਹਨਾਂ ਨੂੰ ਕਾਬੂ ਕਰ ਲਿਆ ਜਾਵੇਗਾ।

ਲਿਖਤੀ ਮੁਕਾਬਲਿਆ 'ਚ ਅੱਵਲ ਆਏ ਬੱਚੇ ਸਨਮਾਨਤ

ਫਿਲੌਰ (ਨਿਰਮਲ)- ਸਿੱਖੀ ਲਹਿਰ ਫਿਲੌਰ ਵੱਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਗੁਰੂ ਇਤਿਹਾਸ ਦੇ ਲਿਖਤੀ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ 'ਚ ਪਹਿਲੇ ਨੰਬਰ 'ਤੇ ਆਉਣ ਵਾਲੇ ਨੂੰ 2100, ਦੂਜੇ ਨੰਬਰ 'ਤੇ ਆਉਣ ਵਾਲੇ ਨੂੰ 1100 ਅਤੇ ਤੀਜੇ ਨੰਬਰ 'ਤੇ ਆਉਣ ਵਾਲੇ ਨੂੰ 500 ਰੁਪਏ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਸੁਖਵਿੰਦਰ ਸਿੰਘ ਲਾਡੀ ਮੁੱਖ ਸੇਵਾਦਾਰ ਸਿੱਖੀ ਲਹਿਰ ਫਿਲੌਰ, ਜਥੇਦਾਰ ਮੱਖਣ ਸਿੰਘ ਢਿੱਲੋਂ , ਰਣਜੀਤ ਸਿੰਘ ਢਿੱਲੋਂ ਯੂ.ਕੇ, ਪਰਦੀਪ ਸਿੰਘ ਭਾਰਤੀ ਕਿਸਾਨ ਯੂਨੀਅਨ, ਸੁਖਬੀਰ ਸਿੰਘ ਤੁਲੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ , ਗੁਰਪ੍ਰੀਤ ਸਿੰਘ ਤੁਲੀ, ਦਮਨਪ੍ਰੀਤ ਸਿੰਘ ਅਤੇ ਹੋਰ ਸੇਵਾਦਾਰ ਹਾਜਰ ਸਨ।

ਪ੍ਰਾਚੀਨ ਸ਼ਿਵ ਮੰਦਰ ਤਹਿਸੀਲ ਕੰਪਲੈਕਸ 'ਚ ਲੰਗਰ ਲਗਾਇਆ

ਫਿਲੌਰ (ਨਿਰਮਲ)- ਪ੍ਰਾਚੀਨ ਸ਼ਿਵ ਮੰਦਿਰ ਤਹਿਸੀਲ ਕੰਪਲੈਕਸ ਫਿਲੌਰ ਦੀ ਪਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਿਵਰਾਤਰੀ ਦਾ ਉਤਸਵ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਬੰਧੀ ਸ਼ਿਵਰਾਤਰੀ ਵਾਲੇ ਦਿਨ ਚਾਹ ਪਕੌੜਿਆਂ ਤੇ ਫਰੂਟ ਦਾ ਲੰਗਰ ਲਗਾਇਆ ਗਿਆ। ਇਸ ਮੌਕੇ 'ਤੇ ਕ੍ਰਿਸਨ ਲਾਲ ਚੁੱਘ ਪ੍ਰਧਾਨ, ਗੁਲਸਨ ਕੁਮਾਰ ਵਾਈਸ ਪ੍ਰਧਾਨ, ਸ਼ਿਵ ਕੁਮਾਰ ਹੈੱਡ ਕੈਸ਼ੀਅਰ, ਮੁਨੀਸ ਕੁਮਾਰ ਜੂਆਇੰਟ ਕੈਸ਼ੀਅਰ, ਪ੍ਰਿਤਪਾਲ ਸੋਨੂੰ ਜਨਰਲ ਸਕੱਤਰ, ਅਸੋਕ ਕਾਲਾ ਸਹਿਯੋਗ ਕਰਤਾ, ਮੈਂਬਰ ਰਜਿੰਦਰ ਸੰਧੂ, ਰਜਿੰਦਰ ਕੁਮਾਰ ਮੈਂਬਰ, ਫਕੀਰ ਸਿੰਘ ਮੈਂਬਰ, ਗੋਪੀ ਮੈਂਬਰ, ਸੋਮਨਾਥ ਸੂਬਾ ਮੈਂਬਰ, ਪੰਡਿਤ ਪਰਮੋਦ ਸਾਸਤਰੀ, ਅਮਰੀਕ ਸਿੰਘ ਧ੍ਰੋਪਗੰਡਾ ਸਕੈਟਰੀ, ਭੂਸਨ ਕੁਮਾਰ ਕਾਲਾ ਮੈਂਬਰ, ਅਨੂਜ ਸੇਵਾਦਾਰ, ਪਬੰਧਕ ਕਮੇਟੀ ਮੈਂਬਰ ਤੇ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਸ਼ਾਮਲ ਸਨ।

ਨੰਬਰਦਾਰਾਂ ਦੀਆਂ ਮੰਗਾਂ ਸੰਬੰਧੀ ਵਿਧਾਇਕ ਬਲਕਾਰ ਸਿੰਘ ਨੂੰ ਦਿੱਤਾ ਮੰਗ ਪੱਤਰ

ਕਰਤਾਰਪੁਰ (ਹਰਮੇਸ਼ ਦੱਤ)

ਪੰਜਾਬ ਸਰਕਾਰ ਪੰਜਾਬ ਦੇ ਨੰਬਰਦਾਰਾਂ ਨਾਲ ਚੋਣਾਂ ਸਮੇ ਕੀਤੇ ਆਪਣੇ ਵਾਅਦੇ ਮੁਤਾਬਕ ਨੰਬਰਦਾਰਾਂ ਦੀਆਂ ਹੱਕੀ ਮੰਗਾਂ ਮੰਨਣ ਸੰਬੰਧੀ ਤਰੁੰਤ ਐਲਾਨ ਕਰੇ। ਇਸ ਸੰਬੰਧੀ ਨੰਬਰਦਾਰ ਯੂਨੀਅਨ ਕਰਤਾਰਪੁਰ ਵਲੋਂ ਇੱਕ ਮੰਗ ਪੱਤਰ ਹਲਕਾ ਵਿਧਾਇਕ ਬਲਕਾਰ ਸਿੰਘ ਨੂੰ ਉਨ੍ਹਾਂ ਦੀ ਰਿਹਾਇਸ਼ ਵਿਖੇ ਯੂਨੀਅਨ ਵਲੋਂ ਦਿੱਤਾ ਗਿਆ । ਨੰਬਰਦਾਰ ਚਰਨਜੀਤ ਸਿੰਘ ਮੁੱਖ ਬੁਲਾਰਾ ਪੰਜਾਬ ਤੇ ਪ੍ਰਧਾਨ ਭਜਨ ਸਿੰਘ ਸੇਖੋਂ ਨੇ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੰਬਰਦਾਰਾਂ ਦੀਆ ਮੰਗਾਂ ਚੋਣਾਂ ਸਮੇਂ ਰਵਾਇਤੀ ਨੰਬਰਦਾਰੀ ਸਿਸਟਮ ਚਾਲੂ ਕਰਨ, ਮਾਣ ਭੱਤਾ 5 ਹਜਾਰ ਕਰਨ , ਨੰਬਰਦਾਰੀ ਜੱਦੀਪੁਸ਼ਤੀ , ਬੱਸ ਪਾਸ ਦੀ ਸਹੂਲਤ , ਟੋਲ ਪਲਾਜਾ ਫ੍ਰੀ , 5 ਲੱਖ ਤੱਕ ਹਰੇਕ ਨੰਬਰਦਾਰ ਦਾ ਸਿਹਤ ਬੀਮਾ ਕਰਨ , ਜਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀਆਂ ਵਿੱਚ ਨੰਬਰਦਾਰਾਂ ਨੂੰ ਨੁਮਾਇੰਦਗੀ ਦੇਣ ਤੇ ਹਰ ਤਹਿਸੀਲ - ਸਬ ਤਹਿਸੀਲ ਵਿੱਚ ਬੈਠਣ ਲਈ ਕਮਰੇ ਅਲਾਟ ਕਰਨ ਸਬੰਧੀ ਮੰਗਾਂ ਉੱਪਰ ਤਰੁੰਤ ਕਾਰਵਾਈ ਕਰਕੇ ਮੰਗਾਂ ਮੰਨਣ ਦਾ ਐਲਾਨ ਕਰੇ । ਵਿਧਾਇਕ ਬਲਕਾਰ ਸਿੰਘ ਨੇ ਨੰਬਰਦਾਰਾਂ ਨੂੰ ਵਿਸ਼ਵਾਸ ਦਵਾਇਆ ਕਿ ਆਪ ਸਰਕਾਰ ਵਲੋਂ ਚੋਣਾਂ ਮੌਕੇ ਐਲਾਨ ਕੀਤੇ ਹਰ ਵਾਅਦੇ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ ਜਲਦ ਹੀ ਨੰਬਰਦਾਰਾਂ ਦੀਆਂ ਮੰਗਾਂ ਸੰਬੰਧੀ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਕੀਤੀ ਜਾਵੇਗੀ । ਇਸ ਮੌਕੇ ਪ੍ਰਧਾਨ ਭਜਨ ਸਿੰਘ ਸੇਖੋਂ , ਚਰਨਜੀਤ ਸਿੰਘ ਮੁੱਖ ਬੁਲਾਰਾ ਪੰਜਾਬ , ਕਰਨੈਲ ਸਿੰਘ ਦਿਆਲਪੁਰ ਪਰਮਜੀਤ ਸਿੰਘ ਜਨਰਲ ਸਕੱਤਰ , ਸੰਦੀਪ ਵਿਰਦੀ ਬੱਲਾਂ , ਰਣਜੀਤ ਸਿੰਘ , ਗੁਰਮੇਲ ਸਿੰਘ ਸਰਾਏ , ਮੋਹਣ ਲਾਲ ਮੱਲੀਆਂ , ਹਰਮਨਦੀਪ ਸਿੰਘ ਬੜਾ ਪਿੰਡ , ਗਿਆਨ ਚੰਦ ਨੌਗੱਜਾ, ਤਰਸੇਮ ਸਿੰਘ ਕਾਹਲਵਾਂ, ਦਲਬੀਰ ਸਿੰਘ ਕਰਤਾਰਪੁਰ, ਅਮਰੀਕ ਸਿੰਘ , ਸੁਰਿੰਦਰ ਸਿੰਘ ਕਾਲਾ ਬਾਹੀਆ, ਅਮਰ ਸਿੰਘ ਪੱਤੜਕਲਾਂ, ਮਨਰਾਜ ਸਿੰਘ , ਈਸਵਰ ਸਰੂਪ ਜੱਲਾ ਸਿੰਘ, ਜਾਗੀਰ ਸਿੰਘ, ਸਰਬਜੀਤ ਸਿੰਘ, ਗਿਆਨ ਸਿੰਘ ਫਾਜਲਪੁਰ, ਸੁਨੀਤ ਕੁਮਾਰ ਭੱਠੇ ਆਦਿ ਵੱਖ ਵੱਖ ਪਿੰਡਾਂ ਦੇ ਨੰਬਰਦਾਰ ਹਾਜਰ ਸਨ।

ਰੋਟਰੀ ਕਲੱਬ ਫਗਵਾੜਾ ਜੇਮਸ ਨੇ ਲਗਾਇਆ ਮੈਗਾ ਮੈਡੀਕਲ ਚੈੱਕਅੱਪ ਕੈਂਪ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)

ਰੋਟਰੀ ਕਲੱਬ ਫਗਵਾੜਾ ਜੇਮਸ ਵੱਲੋਂ ਸ਼੍ਰੀ ਮਹਾਵੀਰ ਜੈਨ ਮਾਡਲ ਸਕੂਲ, ਮਾਡਲ ਟਾਊਨ ਫਗਵਾੜਾ ਵਿਖੇ ਫਰੀ ਮੈਗਾ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ। ਜਿਸਦਾ ਉਦਘਾਟਨ ਕੈਂਪ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਏ.ਡੀ.ਸੀ. ਡਾ. ਨਯਨ ਜੱਸਲ ਨੇ ਕੀਤਾ। ਉਹਨਾਂ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਜੈਕਟ ਆਰਥਕ ਪੱਖੋਂ ਗਰੀਬ ਤੇ ਲੋੜਵੰਦ ਮਰੀਜਾਂ ਲਈ ਬਹੁਤ ਹੀ ਲਾਹੇਵੰਦ ਸਿੱਧ ਹੁੰਦੇ ਹਨ। ਨਾਲ ਹੀ ਉਹਨਾਂ ਇਹ ਵੀ ਕਿਹਾ ਕਿ ਜਦੋਂ ਤੋਂ ਇਹ ਕਲੱਬ ਹੋਂਦ ਵਿਚ ਆਈ ਹੈ, ਉਸ ਸਮੇਂ ਤੋਂ ਹੀ ਸ਼ਹਿਰ ਦੇ ਇਲੀਟ ਕਲਾਸ ਲੋਕ ਇਕ ਮੰਚ ਤੇ ਇਕੱਠੇ ਹੋ ਕੇ ਸਾਂਝੇ ਉਪਰਾਲੇ ਨਾਲ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ ਜੋ ਕਿ ਹੋਰਨਾਂ ਲਈ ਵੀ ਪ੍ਰੇਰਣਾ ਵਾਲੀ ਗੱਲ ਹੈ। ਕੈਂਪ ਦੌਰਾਨ ਡਾ: ਰਮਨ ਚਾਵਲਾ ਕਾਰਡੀਓਲੋਜਿਸਟ ਕੇਅਰਮੈਕਸ ਹਸਪਤਾਲ ਜਲੰਧਰ, ਡਾ.ਜੀ.ਪੀ.ਸਿੰਘ ਸਤਲੁਜ ਹਸਪਤਾਲ, ਡਾ: ਤੁਸ਼ਾਰ ਅਗਰਵਾਲ ਅੱਖਾਂ ਦੇ ਮਾਹਿਰ, ਡਾ: ਚੇਤਨਾ ਭਾਰਦਵਾਜ ਚਮੜੀ ਦੇ ਮਾਹਿਰ, ਡਾ: ਸੁਲਭਾ ਸਿੰਗਲਾ ਚੈਸਟ ਸਪੈਸ਼ਲਿਸਟ, ਡਾ: ਪੁਨੀਤ ਨਰੂਲਾ ਆਰਥੋ, ਡਾ: ਮਮਤਾ ਗੌਤਮ ਜਨਰਲ ਬਿਮਾਰੀਆਂ, ਡਾ: ਹਰਜਿੰਦਰ ਸਿੰਘ ਬੀ.ਡੀ.ਐਸ. ਵਲੋਂ ਦੂਰ ਦੁਰਾਢੇ ਤੋਂ ਵੱਡੀ ਗਿਣਤੀ ਵਿਚ ਪਹੁੰਚੇ ਮਰੀਜਾਂ ਦਾ ਬਹੁਤ ਹੀ ਸਤਿਕਾਰ ਸਹਿਤ ਚੈਕਅੱਪ ਕੀਤਾ ਅਤੇ ਲੋੜੀਂਦੀ ਡਾਕਟਰੀ ਸਲਾਹ ਵੀ ਦਿੱਤੀ। ਕਲੱਬ ਦੇ ਪ੍ਰਧਾਨ ਡਾ. ਚਿਮਨ ਅਰੋੜਾ ਨੇ ਇਸ ਪ੍ਰੋਜੈਕਟ ਦੇ ਡਾਇਰੈਕਟਰ ਰੋਟੇਰੀਅਨ ਸਤੀਸ਼ ਜੈਨ, ਰੋਟੇਰੀਅਨ ਡਾ: ਜੀਪੀ ਸਿੰਘ ਤੇ ਰੋਟੇਰੀਅਨ ਰਵਿੰਦਰ ਗੁਲਾਟੀ, ਜੁਆਇੰਟ ਪ੍ਰੋਜੈਕਟ ਡਾਇਰੈਕਟਰ ਵਲੋਂ ਮਿਲੇ ਸਹਿਯੋਗ ਲਈ ਖਾਸ ਤੌਰ ਤੇ ਧੰਨਵਾਦ ਕੀਤਾ। ਕਲੱਬ ਵਲੋਂ ਮੁੱਖ ਮਹਿਮਾਨ ਡਾ. ਨਯਨ ਜੱਸਲ ਏ.ਡੀ.ਸੀ. ਨੂੰ ਯਾਗਦਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਕਲੱਬ ਸਕੱਤਰ ਸੁਰਿੰਦਰ ਚਾਵਲਾ। ਇਸ ਮੌਕੇ ਕਲੱਬ ਦੇ ਸਕੱਤਰ ਸੁਰਿੰਦਰ ਚਾਵਲਾ, ਰੋਟੇਰੀਅਨ ਨਵੀਨ ਅਗਰਵਾਲ ਰੋਸਟਰ, ਸਾਬਕਾ ਜ਼ਿਲ੍ਹਾ ਗਵਰਨਰ ਰੋਟੇਰੀਅਨ ਐਸ.ਪੀ. ਸੇਠੀ, ਰੋਟੇਰੀਅਨ ਆਈ ਪੀ ਖੁਰਾਣਾ ਪੀ ਪੀ, ਰੋਟੇਰੀਅਨ ਟੀ.ਡੀ ਚਾਵਲਾ ਪੀ ਪੀ, ਰੋਟੇਰੀਅਨ ਰਾਕੇਸ਼ ਸੂਦ, ਰੋਟੇਰੀਅਨ ਅਸ਼ੋਕ ਗੁਪਤਾ, ਰੋਟੇਰੀਅਨ ਦੇਸਰਾਜ, ਰੋਟੇਰੀਅਨ ਨਿਖਿਲ ਗੁਪਤਾ, ਰੋਟੇਰੀਅਨ ਸੁਨੀਲ ਚਾਮ, ਰੋਟੇਰੀਅਨ ਹਰਭਜਨ ਸਿੰਘ ਲੱਕੀ, ਰੋਟੇਰੀਅਨ ਅਸ਼ਵਨੀ ਥਾਪਰ, ਰੋਟੇਰੀਅਨ ਮਹਿੰਦਰਾ ਸੇਠੀ, ਰੋਟੇਰੀਅਨ ਬੰਟੀ ਦੀਨਜੀਤ ਵਾਲੀਆ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

ਕਲੇਰ ਜਠੇਰੇ ਪ੍ਰਬੰਧਕ ਕਮੇਟੀ ਦੀ ਚੋਣ 26 ਨੂੰ

ਬਹਿਰਾਮ (ਅਵਤਾਰ ਕਲੇਰ)- ਜੱਦੀ ਕਲੇਰ ਜਠੇਰੇ ਪ੍ਰਬੰਧਕ ਕਮੇਟੀ ਦੀ ਮੀਟਿੰਗ ਚੇਅਰਮੈਨ ਕੁਲਦੀਪ ਕਲੇਰ ਅਤੇ ਪ੍ਰਧਾਨ ਜਗਦੀਸ ਕਲੇਰ ਦੀ ਪ੍ਰਧਾਨਗੀ ਹੇਠ ਜਠੇਰਿਆਂ ਦੇ ਸਥਾਨ ਨੰਗਲ - ਖੇੜਾ (ਫਗਵਾੜਾ) ਵਿਖੇ ਹੋਈ ।ਮੀਟਿੰਗ ਵਿੱਚ ਦਰਬਾਰ ਵਿਖੇ ਸ਼ੁਰੂ ਕੀਤੇ ਕਾਰਜਾਂ ਤੇ ਚਰਚਾ ਹੋਈ ਅਤੇ ਪਿਛਲੇ ਸਾਲਾਂ ਦਾ ਲੇਖਾ - ਜੋਖਾ ਕੀਤਾ ਗਿਆ। ਪ੍ਰਬੰਧਕਾਂ ਨੇ ਦ

21-Feb-PAGE-9.qxd 2/20/2023 10:56 PM Page 1

ਸਰਕਾਰੀ ਸਿੱਖਿਆ ਨੂੰ ਬਚਾਉਣ ਲਈ ਸੰਘਰਸ਼ ਤੇਜ਼ ਕਰਨ ਦੇ ਸੱਦੇ ਨਾਲ ਡੀ ਟੀ ਐਫ ਦਾ ਸੂਬਾਈ ਇਜਲਾਸ ਸੰਪੰਨ

ਜਲੰਧਰ, (ਰਾਜੇਸ਼ ਥਾਪਾ, ਸੁਰਿੰਦਰ ਕੁਮਾਰ)

ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਕਰਨੈਲ ਸਿੰਘ ਚਿੱਟੀ ਅਤੇ ਸੂਬਾ ਕਮੇਟੀ ਮੈਂਬਰ ਸੁਖਵਿੰਦਰ ਸੁੱਖੀ ਦੀ ਪ੍ਰਧਾਨਗੀ ਹੇਠ ਹੋਇਆ ਸੂਬਾ ਪ੍ਰਤੀਨਿਧ ਕੌਂਸਲ ਦਾ ਇਜਲਾਸ ਸਰਕਾਰੀ ਸਿੱਖਿਆ ਨੂੰ ਬਚਾਉਣ ਲਈ ਸੰਘਰਸ਼ ਨੂੰ ਤੇਜ਼ ਕਰਨ ਦੇ ਸੱਦੇ ਨਾਲ ਸਫਲਤਾ ਪੂਰਵਕ ਸੰਪੰਨ ਹੋ ਗਿਆ। ਇਜਲਾਸ ਦੇ ਸ਼ੁਰੂ 'ਚ ਕੌਮੀ ਮੁਕਤੀ ਲਹਿਰ ਦੇ ਸ਼ਹੀਦਾਂ ਅਤੇ ਅਧਿਆਪਕ ਹਿੱਤਾਂ ਖਾਤਰ ਜ਼ਾਨਾਂ ਨਿਸ਼ਾਵਰ ਕਰਨ ਵਾਲੇ ਅਧਿਆਪਕ ਆਗੂਆਂ ਨੂੰ 2 ਮਿੰਟ ਮੌਨ ਰੱਖ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਜਲਾਸ 'ਚ ਪਾਸ ਕੀਤੇ ਵਿਸ਼ੇਸ਼ ਮਤੇ ਰਾਹੀਂ 4161 ਮਾਸਟਰ ਕਾਡਰ ਯੂਨੀਅਨ ਦੇ ਅਧਿਆਪਕਾਂ ਨੂੰ ਸਟੇਸ਼ਨ ਅਲਾਟ ਕਰਨ ਦੀ ਬਜਾਏ ਉਨ੍ਹਾਂ ਨੂੰ ਡਾਂਗਾਂ ਨਾਲ ਕੁੱਟਣ ਦੀ ਨਿਖੇਧੀ ਕਰਦਿਆਂ ਉਨ੍ਹਾਂ ਦੀਆਂ ਮੰਗਾਂ ਨੂੰ ਮੰਨਣ ਦੀ ਅਪੀਲ ਕੀਤੀ। ਜਥੇਬੰਦੀ ਨੇ 4161 ਅਧਿਆਪਕ ਯੂਨੀਅਨ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਉਨ੍ਹਾਂ ਦੇ ਹਰ ਸੰਘਰਸ਼ 'ਚ ਸਾਥ ਦੇਣ ਦਾ ਵਾਅਦਾ ਕੀਤਾ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਨੇ ਇਜਲਾਸ ਦੇ ਉਦਘਾਟਨੀ ਭਾਸ਼ਣ ਦੌਰਾਨ ਅਧਿਆਪਕਾਂ ਦੀ ਇੱਕ ਮਜ਼ਬੂਤ ਜਥੇਬੰਦੀ ਉਸਾਰਨ 'ਤੇ ਜ਼ੋਰ ਦਿਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਨੇ ਤਿੰਨ ਸਾਲਾਂ ਵਿੱਚ ਨਾ ਸਿਰਫ ਅਧਿਆਪਕ ਮੰਗਾਂ ਖਾਤਰ ਸੰਘਰਸ਼ ਲੜੇ, ਬਲਕਿ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮ ਅਤੇ ਠੇਕਾ ਮੁਲਾਜ਼ਮਾਂ ਦੇ ਸੰਘਰਸ਼ਾਂ ਨਾਲ ਸਾਂਝ ਪਾਉਂਦੇ ਹੋਏ ਆਪਸੀ ਸਾਂਝ

ਨੂੰ ਮਜ਼ਬੂਤ ਕਰਨ ਵਿੱਚ ਸਫਲ ਹੋਏ ਹਾਂ। ਜਥੇਬੰਦੀ ਵੱਲੋਂ ਪਿਛਲੇ ਤਿੰਨ ਸਾਲਾਂ 'ਚ ਲੜੇ ਸੰਘਰਸ਼ਾਂ ਦੀ ਕਾਰਗੁਜ਼ਾਰੀ ਰਿਪੋਰਟ ਸੂਬਾ ਜਨਰਲ ਸਕੱਤਰ ਸਰਵਨ ਸਿੰਘ ਔਜਲਾ ਨੇ ਕੌਂਸਲ ਮੈਂਬਰਾਂ ਅੱਗੇ ਪੇਸ਼ ਕੀਤੀ। ਰੇਸ਼ਮ ਸਿੰਘ ਖੇਮੂਆਣਾ, ਲਖਵੀਰ ਸਿੰਘ ਹਰੀਕੇ, ਬਲਬੀਰ ਚੰਦ ਲੌਂਗੋਵਾਲ, ਦਲਜੀਤ ਸਮਰਾਲਾ, ਦਾਤਾ ਸਿੰਘ ਨਮੋਲ, ਨਵਚਰਨਪ੍ਰੀਤ ਕੌਰ, ਪਰਵਿੰਦਰ ਉੱਭਾਵਾਲ, ਹਰਪ੍ਰੀਤ ਪਾਲ ਸਿੰਘ, ਸੁਖਜਿੰਦਰ ਸਿੰਘ ਅਤੇ ਹਰਜੀਤ ਸੁਧਾਰ ਤੋਂ ਇਲਾਵਾ ਕਈ ਬਲਾਕਾਂ ਦੇ ਅਹੁਦੇਦਾਰਾਂ ਨੇ ਰਿਪੋਰਟ ਉਪਰ ਭਖਵੀਂ ਤੇ ਉਸਾਰੂ ਬਹਿਸ ਕਰਦਿਆਂ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਕੁਝ ਸੁਝਾਅ ਵੀ ਪੇਸ਼ ਕੀਤੇ। ਪ੍ਰਤੀਨਿਧ ਕੌਂਸਲ ਦੇ ਮੈਂਬਰਾਂ ਵੱਲੋਂ ਉਠਾਏ ਨੁਕਤਿਆਂ ਅਤੇ ਦਿੱਤੇ ਸੁਝਾਵਾਂ ਨੂੰ ਸਵੀਕਾਰ ਕਰਦਿਆ ਹਾਊਸ ਨੇ ਸਰਬਸੰਮਤੀ ਨਾਲ ਰਿਪੋਰਟ ਨੂੰ ਪਾਸ ਕਰ ਦਿੱਤਾ। ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਬਠਿੰਡਾ ਨੇ ਵਿੱਤੀ ਰਿਪੋਰਟ ਪੇਸ਼ ਕਰਦਿਆਂ ਜ਼ਿਲ੍ਹਿਆਂ ਅਤੇ ਬਲਾਕਾਂ ਵਿਚ ਵਿੱਤੀ ਲੇਖਾ-ਜੋਖਾ ਛਾਪ ਕੇ ਅਧਿਆਪਕ ਵਰਗ ਤੱਕ ਪੁੱਜਦਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਅਗਲੇ ਤਿੰਨ ਸਾਲਾਂ ਲਈ ਚੁਣੀ ਗਈ ਸੂਬਾ ਕਮੇਟੀ 'ਚ ਸਰਬਸੰਮਤੀ ਨਾਲ ਦਿਗਵਿਜੇ ਪਾਲ ਸ਼ਰਮਾ ਨੂੰ ਦੂਜੀ ਵਾਰ ਸੂਬਾ ਪ੍ਰਧਾਨ, ਸਰਵਨ ਸਿੰਘ ਔਜਲਾ ਨੂੰ ਸੀਨੀਅਰ ਮੀਤ ਪ੍ਰਧਾਨ, ਸੁਖਵਿੰਦਰ ਸੁੱਖੀ ਨੂੰ ਮੀਤ ਪ੍ਰਧਾਨ, ਬਲਬੀਰ ਚੰਦ ਲੌਂਗੋਵਾਲ ਨੂੰ ਜਨਰਲ ਸਕੱਤਰ, ਕਰਨੈਲ ਸਿੰਘ ਚਿੱਟੀ ਨੂੰ ਜਥੇਬੰਦਕ ਸਕੱਤਰ, ਜਸਵਿੰਦਰ ਸਿੰਘ ਬਠਿੰਡਾ ਨੂੰ ਵਿੱਤ ਸਕੱਰ ਅਤੇ ਗੁਰਮੀਤ ਸਿੰਘ ਕੋਟਲੀ ਨੂੰ ਪ੍ਰੈਸ ਸਕੱਤਰ ਚੁਣਿਆ ਗਿਆ। ਵਿਸ਼ੇਸ਼ ਮਤੇ ਪਾਸ ਕਰਕੇ ਨਵੀਂ ਸਿੱਖਿਆ ਨੀਤੀ 2020, ਸਕੂਲ ਆਫ ਐਮੀਨੈਂਸ, ਪੀ.ਐਮ ਸ਼੍ਰੀ ਯੋਜਨਾ ਤਹਿਤ ਸ਼ੁਰੂ ਕੀਤੇ ਜਾ ਰਹੇ ਸਕੂਲਾਂ ਨੂੰ ਸਿੱਖਿਆ ਦਾ ਵਪਾਰੀਕਰਨ ਕਰਾਰ ਦਿੰਦੇ ਇਸ ਫੈਸਲੇ ਨੂੰ ਰੱਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਵਲੰਟੀਅਰਾਂ, ਕੰਪਿਊਟਰ ਅਧਿਆਪਕਾਂ ਅਤੇ ਐਨ.ਐਸ.ਕਿਊ.ਐਫ ਅਧਿਆਪਕਾਂ ਨੂੰ ਵਿਭਾਗ ਵਿੱਚ ਸ਼ਾਮਲ ਕਰਕੇ ਰੈਗੂਲਰ ਕਰਨ ਅਤੇ ਪ੍ਰਾਇਮਰੀ, ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਦਰਜਾ ਚਾਰ ਅਤੇ ਅਧਿਆਪਕਾਂ ਦੀਆਂ ਅਸਾਮੀਆਂ ਨੇਮ ਅਨੁਸਾਰ ਭਰਨ, ਠੇਕਾ ਭਰਤੀ ਬੰਦ ਕਰਨ, ਕਿਰਤ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਰੱਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਬਿਜਲੀ ਸੋਧ ਬਿੱਲ 2020-2022 ਰੱਦ ਕਰਨ, ਸਾਰੇ ਵਰਗਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰਨ, ਜਮਹੂਰੀ ਹੱਕਾਂ ਦਾ ਘਾਣ ਕਰਨ ਵਾਲੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਅਤੇ ਦੇਸ਼ ਧ੍ਰੋਹ ਅਤੇ ਹੋਰ ਅਨੇਕਾਂ ਝੂਠੇ ਮੁਕੱਦਮਿਆਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਕੀਤੇ ਬੁੱਧੀਜੀਵੀਆਂ ਨੂੰ ਰਿਹਾਅ ਕਰਨ ਅਤੇ ਪੋਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੂੰ ਜਲੰਧਰ ਪੁਲਸ ਵੱਲੋਂ ਗ੍ਰਿਫਤਾਰ ਕਰਨ ਦੀ ਨਿਖੇਧੀ ਕਰਦਿਆਂ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ 26 ਫਰਵਰੀ ਨੂੰ ਧੂਰੀ ਵਿੱਚ ਕੀਤੀ ਜਾ ਰਹੀ ਰੈਲੀ ਦਾ ਸਮਰਥਨ ਕਰਦਿਆਂ ਉਸ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। 27 ਫਰਵਰੀ ਤੋਂ ਪਹਿਲੀ ਮਾਰਚ ਤੱਕ ਅਧਿਆਪਕ ਮੰਗਾਂ ਸੰਬੰਧੀ ਸੂਬੇ ਦੇ ਵਿਧਾਇਕਾਂ ਨੂੰ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ।

ਅਧਿਆਪਕਾਂ 'ਤੇ ਲਾਠੀਚਾਰਜ ਤੇ ਮਜ਼ਦੂਰ ਆਗੂ ਨੂੰ ਗ੍ਰਿਫ਼ਤਾਰ ਕਰਨ ਦੀ ਕਿਸਾਨਾਂ ਤੇ ਅਧਿਆਪਕਾਂ ਵੱਲੋਂ ਨਿਖੇਧੀ

ਜਲੰਧਰ, (ਰਾਜੇਸ਼ ਥਾਪਾ, ਸੁਰਿੰਦਰ ਕੁਮਾਰ)

ਸਟੇਸ਼ਨ ਅਲਾਟ ਕਰਨ ਦੀ ਮੰਗ ਨੂੰ ਲੈ ਕੇ ਮੁਜ਼ਾਹਰਾ ਕਰ ਰਹੇ 4161 ਮਾਸਟਰ ਕਾਡਰ ਯੂਨੀਅਨ ਦੇ ਅਧਿਆਪਕਾਂ ਉਪਰ ਸੰਗਰੂਰ ਪੁਲਸ ਵੱਲੋਂ ਕੀਤੇ ਲਾਠੀਚਾਰਜ ਅਤੇ ਜਲੰਧਰ ਪੁਲਸ ਵੱਲੋਂ ਪੋਂਡੂ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੂੰ ਜਲੰਧਰ ਪੁਲਸ ਵੱਲੋਂ ਗ੍ਰਿਫ਼ਤਾਰ ਕਰਨ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਡੀ ਟੀ ਐਫ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਜਨਰਲ ਸਕੱਤਰ ਬਲਬੀਰ ਚੰਦ ਲੌਂਗੋਵਾਲ ਅਤੇ ਪ੍ਰੈਸ ਸਕੱਤਰ ਗੁਰਮੀਤ ਸਿੰਘ ਕੋਟਲੀ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਮੋਹਨ ਸਿੰਘ ਬੱਲ, ਸਕੱਤਰ ਗੁਰਚਰਨ ਸਿੰਘ ਚਾਹਲ ਅਤੇ ਪ੍ਰੈਸ ਸਕੱਤਰ ਮਨਜੀਤ ਸਿੰਘ ਮਲਸੀਆਂ ਨੇ ਜਾਰੀ ਕੀਤੇ ਵੱਖੋ-ਵੱਖਰੇ ਪ੍ਰੈਸ ਬਿਆਨਾਂ ਰਾਹੀਂ ਸੂਬਾ ਸਰਕਾਰ 'ਤੇ ਹੱਕਾਂ ਲਈ ਸੰਘਰਸ਼ ਕਰਨ ਵਾਲਿਆਂ ਨੂੰ ਡਾਂਗਾਂ ਨਾਲ ਕੁੱਟਣ ਅਤੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕਣ ਦੀ ਕਾਰਵਾਈ ਨੂੰ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਉਪਰ ਡਾਕਾ ਮਾਰਨ ਵਾਲੀ ਕਾਰਵਾਈ ਦੱਸਿਆ। ਅਧਿਆਪਕ ਤੇ ਕਿਸਾਨ ਆਗੂਆਂ ਨੇ ਕਿਹਾ 4161 ਅਧਿਆਪਕ ਮਾਸਟਰ ਕਾਡਰ ਯੂਨੀਅਨ ਦੇ ਅਧਿਆਪਕਾਂ ਨਾਲ ਚੋਣਾਂ ਮੌਕੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਤੋਂ ਸੂਬਾ ਸਰਕਾਰ ਭੱਜ ਰਹੀ ਹੈ। ਲਤੀਫਪੁਰ ਵਿੱਚ ਉਜਾੜੇ ਲੋਕਾਂ ਦੇ ਮੁੜ ਵਸੇਬੇ ਲਈ ਕੀਤੇ ਜਾ ਰਹੇ ਸੰਘਰਸ਼ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਪੋਂਡੂ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਘੁੱਗਸ਼ੋਰ ਨੂੰ ਜੇਲ੍ਹ ਵਿੱਚ ਬੰਦ ਕਰਕੇ ਸਰਕਾਰ ਉਜਾੜੇ ਲੋਕਾਂ ਨੂੰ ਦੁਬਾਰਾ ਮੁੜ ਵਸੇਬਾ ਨਹੀਂ ਕਰਨਾ ਚਾਹੁੰਦੀ। ਆਗੂਆਂ ਨੇ ਕਿਹਾ ਕਿ ਸਰਕਾਰ ਦੀਆਂ ਅਜਿਹੀਆਂ ਕਾਰਵਾਈਆਂ ਨਾ ਤਾਂ ਸੰਘਰਸ਼ਾਂ ਨੂੰ ਫੇਲ੍ਹ ਕਰ ਸਕਦੀਆਂ ਹਨ ਅਤੇ ਨਾ ਹੀ ਆਗੂਆਂ ਦੇ ਹੌਸਲੇ ਪਸਤ ਕਰ ਸਕਦੀਆਂ ਹਨ।

ਕੁਲਦੀਪ ਸਿੰਘ ਧਾਲੀਵਾਲ ਨੇ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਲਈ ਪੰਜਾਬੀਆਂ ਦਾ ਸਹਿਯੋਗ ਮੰਗਿਆ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਦੇ ਪੋਂਡੂ ਵਿਕਾਸ ਦੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਲਈ ਪੰਜਾਬੀਆਂ ਦਾ ਸਹਿਯੋਗ ਮੰਗਿਆ ਹੈ। ਉਨ੍ਹਾਂ ਨੇ ਸਮੁੱਚੇ ਪੰਜਾਬੀ ਭਰਾਵਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਜਿਨ੍ਹਾਂ ਪੰਜਾਬੀਆਂ ਨੇ ਪੰਚਾਇਤੀ ਜ਼ਮੀਨਾਂ 'ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਉਹ ਕਬਜ਼ਾ ਛੱਡਣ ਲਈ ਆਪਣੇ ਆਪ ਹੀ ਅੱਗੇ ਆਉਣ ਤਾਂ ਜੋ ਪੰਜਾਬ ਨੂੰ ਤਰੱਕੀ ਦੇ ਰਾਹਾਂ 'ਤੇ ਤੋਰਿਆ ਜਾ ਸਕੇ। ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੋਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਵੱਲੋਂ ਸਾਲ 2022 ਦੌਰਾਨ ਪਿੰਡਾਂ ਦੀਆਂ ਸ਼ਾਮਲਾਤ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਛੁਡਾਉਣ ਅਤੇ ਸ਼ਾਮਲਾਤ ਜ਼ਮੀਨਾਂ ਲੱਭਣ ਲਈ ਮੁਹਿੰਮ ਅਰੰਭੀ ਗਈ ਸੀ। ਇਸ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇੱਕ ਵੱਖਰੇ ਸ਼ਾਮਲਾਤ ਸੈੱਲ ਦੀ ਸਥਾਪਨਾ ਵੀ ਕੀਤੀ ਗਈ ਸੀ। ਇਸ ਮੁਹਿੰਮ ਦੌਰਾਨ ਹੁਣ ਤੱਕ 9389 ਏਕੜ ਤੋਂ ਵੱਧ ਜ਼ਮੀਨ ਤੋਂ ਨਜਾਇਜ਼ ਕਬਜ਼ਾ ਛੁਡਾਇਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ, ਪੰਜਾਬ ਅਤੇ ਪੰਜਾਬ ਵਾਸੀਆਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਸੂਬੇ ਦੀ ਤਰੱਕੀ ਲਈ ਹਰ ਸੰਭਵ ਕਦਮ ਚੁੱਕੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸ਼ਾਮਲਾਤ ਸੈੱਲ ਦੇ ਯਤਨਾਂ ਸਦਕਾ ਸ਼ਾਮਲਾਤ ਜ਼ਮੀਨਾਂ ਨਾਲ ਸੰਬੰਧਤ ਸਾਰੇ ਪੁਰਾਣੇ ਰਿਕਾਰਡ ਨੂੰ ਪੂਰੀ ਗਹਿਰਾਈ ਨਾਲ ਘੋਖਿਆ ਜਾ ਰਿਹਾ ਹੈ ਅਤੇ ਹੁਣ ਤੱਕ 153 ਬਲਾਕਾਂ ਦੀ ਸ਼ਾਮਲਾਤ ਜ਼ਮੀਨ ਦੇ ਰਿਕਾਰਡ ਨੂੰ ਘੋਖਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਨੇ ਹੁਣ ਤੱਕ 139818 ਏਕੜ ਜ਼ਮੀਨ ਦੀ ਸ਼ਨਾਖਤ ਕੀਤੀ ਹੈ, ਜਿਸ ਨੂੰ ਆਉਣ ਵਾਲੇ ਸਮੇਂ ਦੌਰਾਨ ਲੋਕਾਂ ਦੀ ਭਲਾਈ ਲਈ ਵਰਤਿਆ ਜਾਵੇਗਾ। ਉਨ੍ਹਾ ਦੱਸਿਆ ਕਿ ਦਸੰਬਰ 2022 ਤੱਕ ਪਟਿਆਲਾ ਡਵੀਜ਼ਨ ਅਧੀਨ ਕੁੱਲ 6206 ਏਕੜ ਜ਼ਮੀਨ ਨਜਾਇਜ਼ ਕਬਜ਼ੇ ਤੋਂ ਮੁਕਤ ਕਰਵਾ ਕੇ ਪੰਚਾਇਤਾਂ ਨੂੰ ਸੌਂਪੀ ਗਈ ਹੈ। ਉਨ੍ਹਾ ਦੱਸਿਆ ਕਿ ਪਟਿਆਲਾ ਦੀ 1100 ਏਕੜ, ਲੁਧਿਆਣਾ 808 ਏਕੜ, ਫ਼ਤਿਹਗੜ੍ਹ ਸਾਹਿਬ 464 ਏਕੜ, ਸੰਗਰੂਰ 194 ਏਕੜ, ਐਸ ਏ ਐਸ ਨਗਰ 3469 ਏਕੜ, ਰੂਪਨਗਰ 154 ਏਕੜ, ਬਰਨਾਲਾ 8 ਏਕੜ ਅਤੇ ਮਲੇਰਕੋਟਲਾ 9 ਏਕੜ ਜ਼ਮੀਨ ਨਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਈ ਗਈ ਹੈ। ਧਾਲੀਵਾਲ ਨੇ ਅੱਗੇ ਦੱਸਿਆ ਕਿ ਫਿਰੋਜ਼ਪੁਰ ਡਵੀਜ਼ਨ ਅਧੀਨ ਕੁੱਲ 507 ਏਕੜ ਜ਼ਮੀਨ ਨਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਈ ਗਈ ਹੈ। ਉਨ੍ਹਾ ਦੱਸਿਆ ਕਿ ਜ਼ਿਲਾ ਫਿਰੋਜ਼ਪੁਰ ਦੀ 128 ਏਕੜ, ਫਾਜ਼ਿਲਕਾ 187 ਏਕੜ, ਸ੍ਰੀ ਮੁਕਤਸਰ ਸਾਹਿਬ 27 ਏਕੜ, ਮਾਨਸਾ 13 ਏਕੜ, ਬਠਿੰਡਾ 49 ਏਕੜ, ਮੋਗਾ 26 ਏਕੜ ਅਤੇ ਫਰੀਦਕੋਟ 77 ਏਕੜ ਜ਼ਮੀਨ ਤੋਂ ਨਜਾਇਜ਼ ਕਬਜ਼ੇ ਹਟਾਏ ਗਏ ਹਨ। ਇਸੇ ਤਰ੍ਹਾਂ ਜਲੰਧਰ ਡਵੀਜ਼ਨ ਅਧੀਨ ਕੁੱਲ 2676 ਏਕੜ ਜ਼ਮੀਨ ਤੋਂ ਨਜਾਇਜ਼ ਕਬਜ਼ੇ ਹਟਾਏ ਗਏ ਹਨ। ਉਨ੍ਹਾ ਦੱਸਿਆ ਕਿ ਗੁਰਦਾਸਪੁਰ ਦੀ 609 ਏਕੜ, ਕਪੂਰਥਲਾ 602 ਏਕੜ, ਅੰਮ੍ਰਿਤਸਰ 264 ਏਕੜ, ਜਲੰਧਰ 239 ਏਕੜ, ਹੁਸ਼ਿਆਰਪੁਰ 308 ਏਕੜ, ਤਰਨ ਤਾਰਨ 126 ਏਕੜ, ਐਸ ਬੀ ਐਸ ਨਗਰ 228 ਏਕੜ ਅਤੇ ਪਠਾਨਕੋਟ 300 ਏਕੜ ਜ਼ਮੀਨ ਛੁਡਾਈ ਗਈ ਹੈ।

ਸੰਤ ਸੇਵਾ ਸਿੰਘ ਦੀ ਯਾਦ 'ਚ ਸਮਾਗਮ ਕਰਵਾਇਆ

ਕਰਤਾਰਪੁਰ -(ਹਰਮੇਸ਼ ਦੱਤ)-ਸੰਤ ਸੇਵਾ ਸਿੰਘ ਜੀ ਦੀ ਯਾਦ ਵਿੱਚ ਸਾਲਾਨਾ ਸਮਾਗਮ ਸਾਧ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਲੜੀਵਾਰ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਅਰਦਾਸ ਉਪਰੰਤ ਕੜਾਹ ਪ੍ਰਸਾਦ ਦਾ ਵਿਤਰਨ ਕੀਤਾ। ਭਾਈ ਸੁਖਦਿਆਲ ਸਿੰਘ, ਭਾਈ ਬਿਕਰਮਜੀਤ ਸਿੰਘ,ਭਾਈ ਹਰਜੋਤ ਸਿੰਘ,ਸੁਖਪ੍ਰੀਤ ਸਿੰਘ ਨੇ ਰਸਭਿੰਨੀ ਆਵਾਜ਼ ਨਾਲ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ। ਢਾਡੀ ਜੱਥਿਆਂ ਵੱਲੋਂ ਭਾਈ ਜਸਵੀਰ ਸਿੰਘ ਮਾਨ ਅਤੇ ਭਾਈ ਬਲਵਿੰਦਰ ਸਿੰਘ ਆਲਮ ਦੇ ਸਾਥੀਆਂ ਨੇ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੇ ਅੰਤ ਵਿੱਚ ਅਤੁੱਟ ਲੰਗਰ ਲਾਇਆ ਗਿਆ। ਇਸ ਮੌਕੇ ਸਤਨਾਮ ਸਿੰਘ ਨਾਗਰਾ, ਗੁਰਵਿੰਦਰ ਸਿੰਘ ਨਾਗਰਾ,ਚਰਨਦੀਪ ਸਿੰਘ ਧਾਮੀ, ਨਿਰਵੈਰ ਸਿੰਘ ਧਾਮੀ, ਤਰਲੋਕ ਸਿੰਘ, ਕੁਲਦੀਪ ਸਿੰਘ, ਰਣਜੀਤ ਸਿੰਘ, ਹਰਦੀਪ ਸਿੰਘ, ਮੱਖਣ ਸਿੰਘ, ਕੁਲਵਿੰਦਰ ਸਿੰਘ, ਬੁਟਾ ਸਿੰਘ, ਅਮਨਦੀਪ ਸਿੰਘ, ਗੁਰਵਿੰਦਰ ਸਿੰਘ,ਸੂਬਾ ਸਿੰਘ ਪੁਰੇਵਾਲ, ਬਲਵਿੰਦਰ ਸਿੰਘ ਉਪਲ, ਜਸਵੀਰ ਸਿੰਘ ਜੌਹਲ, ਜਗਜੀਤ ਸਿੰਘ ਧਾਲੀਵਾਲ, ਤਰਲੋਕ ਸਿੰਘ ਮਾਹਲ, ਅਕਾਸ਼ਦੀਪ ਸਿੰਘ, ਜਤਿਨ, ਅੰਮ੍ਰਿਤਪਾਲ ਸਿੰਘ, ਭਗਵੰਤ ਸਿੰਘ ਮੰਡ,ਚਰਨਜੀਤ ਸਿੰਘ ਚਡੇਲ, ਵਰਿੰਦਰ ਸਿੰਘ ਚੀਮਾ ਆਦਿ ਹਾਜਰ ਸਨ।

ਸਰਕਾਰੀ ਐਲੀਮੈਂਟਰੀ ਸਕੂਲ ਬਸੀ ਜਲਾਲ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ

ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)

ਸਿਖਿਆ ਵਿਭਾਗ

21-FEB-PAGE-10.qxd 2/20/2023 10:22 PM Page 1

ਕੇਂਦਰ ਸਰਕਾਰ ਦੇ ਲੋਕ-ਮਾਰੂ ਫੈਸਲਿਆਂ ਨੂੰ ਏਟਕ ਲਾਗੂ ਨਹੀਂ ਹੋਣ ਦੇਵੇਗੀ : ਸੁਖਦੇਵ ਸ਼ਰਮਾ

ਪੰਜਾਬ ਏਟਕ ਦੇ ਵਰਕਿੰਗ ਪ੍ਰਧਾਨ ਸੁਖਦੇਵ ਸ਼ਰਮਾ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇ ਲੋਕ ਮਾਰੂ ਫੈਸਲਿਆਂ ਖਿਲਾਫ ਕੇਂਦਰੀ ਟਰੇਡ ਯੂਨੀਅਨ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ, ਪੁਰਾਣੇ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਆਪਣੇ ਅਨੁਸਾਰ ਨਵੇਂ ਕਾਨੂੰਨ ਲਾਗੂ ਕਰ ਰਹੀ ਹੈ, ਪਰ ਸਾਡੀ ਜਥੇਬੰਦੀ ਕੇਂਦਰ ਨੂੰ ਮਜ਼ਦੂਰਾਂ ਦਾ ਗਲ ਵੱਢਵਾ ਫੈਸਲਾ ਲਾਗੂ ਨਹੀਂ ਕਰਨ ਦੇਵੇਗੀ। ਭਰਪੂਰ ਸਿੰਘ ਬੱਲਾਪੁਰ ਨੇ ਕਿਹਾ ਕਿ ਯੂਨੀਅਨ ਦੇ ਪ੍ਰਧਾਨ ਕੁਲਦੀਪ ਸਿੰਘ ਦੀ ਬਹਾਲੀ ਲਈ ਯੂਨੀਅਨ ਆਪਣਾ ਸੰਘਰਸ਼ ਜਾਰੀ ਰੱਖੇਗੀ ਤੇ ਜੇ ਧਰਨਾ ਜਾਂ ਹੜਤਾਲ ਕਰਨੀ ਪਈ ਤਾਂ ਯੂਨੀਅਨ ਇਸ ਤੋਂ ਪਿੱਛੇ ਨਹੀਂ ਹਟੇਗੀ, ਜਿਸ ਦੀ ਜ਼ਿੰਮੇਵਾਰੀ ਮੈਨੇਜਮੈਂਟ ਦੀ ਹੋਵੇਗੀ। ਇਸ ਤੋਂ ਬਿਨਾਂ ਕ੍ਰਿਸ਼ਨ ਭੜੋ, ਪ੍ਰਦੀਪ ਚੀਮਾਂ, ਨਾਇਬ ਸਿੰਘ ਮੀਤ ਪ੍ਰਧਾਨ, ਜਸਵਿੰਦਰ ਸਿੰਘ ਸਹਾਇਕ ਸਕੱਤਰ, ਜਗਰੂਪ ਸਿੰਘ ਖਜ਼ਾਨਚੀ, ਕੁਲਦੀਪ ਸਿੰਘ ਸਹਾਇਕ ਖਜ਼ਾਨਚੀ, ਅਜ਼ਾਦ ਸਿੰਘ ਪ੍ਰੈੱਸ ਸਕੱਤਰ, ਜਸਵਿੰਦਰ ਸਿੰਘ ਪ੍ਰਾਪੇਰੰਡਾ ਸੈਕਟਰੀ, ਜਸਵੀਰ ਸਿੰਘ ਪ੍ਰਚਾਰ ਸਕੱਤਰ, ਦਲਜੀਤ ਕੌਰ ਤੇ ਆਸ਼ਾ ਰਾਣੀ ਕਮੇਟੀ ਮੈਂਬਰਾਂ ਨੇ ਵੀ ਸੰਬੋਧਨ ਕੀਤਾ।

ਛਾਜਲੀ (ਜਸਵੀਰ ਲਾਡੀ)-ਇੱਥੇ ਰੌਕ ਐਂਡ ਸਟੋਰਸ ਡਿਸਟਿਲਰੀਜ਼ ਵਰਕਰ ਯੂਨੀਅਨ (ਏਟਕ) ਦੀ ਮੀਟਿੰਗ ਪ੍ਰਧਾਨ ਕਰਮਜੀਤ ਸਿੰਘ ਤੇ ਜਨਰਲ ਸਕੱਤਰ ਕੁਲਦੀਪ ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਸੰਗਤਸਰ ਸਾਹਿਬ ਵਿਖੇ ਹੋਈ, ਜਿਸ ਵਿੱਚ ਪੰਜਾਬ ਏਟਕ ਦੇ ਵਰਕਿੰਗ ਪ੍ਰਧਾਨ ਸੁਖਦੇਵ ਸ਼ਰਮਾ, ਭਰਪੂਰ ਸਿੰਘ ਬੁੱਲਾਂਪੁਰ ਜ਼ਿਲ੍ਹਾ ਸੰਗਰੂਰ ਜਨਰਲ ਸਕੱਤਰ, ਕ੍ਰਿਸ਼ਨ ਸਿੰਘ ਭੜੋ ਜ਼ਿਲ੍ਹਾ ਮੀਤ ਪ੍ਰਧਾਨ ਪੈਪਸੀਕੋ ਏਕਟ ਚੰਨੋ ਤੇ ਪ੍ਰਦੀਪ ਕੁਮਾਰ ਚੀਮਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਆਗੂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸ਼ਰਾਬ ਫੈਕਟਰੀ ਅੰਦਰ ਮੈਨੇਜਮੈਂਟ ਕਿਸ ਤਰ੍ਹਾਂ ਗੁੰਡਾਗਰਦੀ ਕਰਕੇ ਲਗਾਤਾਰ ਵਰਕਰਾਂ ਦੀ ਲੁੱਟ ਕਰ ਰਹੀ ਹੈ। ਜਦੋਂ ਵਰਕਰ ਆਪਣੀਆਂ ਮੰਗਾਂ ਦੀ ਗੱਲ ਕਰਦੇ ਹਨ ਤਾਂ ਮੈਨੇਜਮੈਂਟ ਵਰਕਰਾਂ ਦੀ ਅਵਾਜ਼ ਨੂੰ ਦਬਾਉਣਾ ਚਾਹੁੰਦੀ ਹੈ।

ਰੇਲਵੇ ਅਧਿਕਾਰੀਆਂ ਨੇ ਫਾਟਕ ਨੰ: 123 ਨਾਲ ਸੰਬੰਧਤ ਮੁਸ਼ਕਲਾਂ ਦੇ ਹੱਲ ਦਾ ਦਿਵਾਇਆ ਭਰੋਸਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਲਹਿਰਾ ਮੁਹੱਬਤ ਵਿਖੇ ਰੇਲਵੇ ਫਾਟਕ ਨੰ: 123 'ਤੇ ਬਣਨ ਵਾਲੇ ਅੰਡਰਬ੍ਰਿਜ ਤੋਂ ਇਲਾਵਾ ਰੇਲਵੇ ਸਟੇਸ਼ਨ ਨਾਲ ਸਬੰਧਤ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਪਿੰਡ ਵਾਸੀਆਂ ਵੱਲੋਂ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਪਿਛਲੇ ਦਿਨਾਂ ਤੋਂ ਇਕੱਠੇ ਹੋ ਕੇ ਰੇਲਵੇ ਤੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਗਏ ਸਨ। ਇਸ ਸਬੰਧੀ ਲੋਕਾਂ ਦਾ ਵਫਦ ਅੰਬਾਲਾ ਵਿਖੇ ਡੀ. ਆਰ ਐੱਮ ਨੂੰ ਵੀ ਮਿਲਿਆ ਸੀ, ਪ੍ਰੰਤੂ ਕੋਈ ਸੁਣਵਾਈ ਨਾ ਹੋਣ 'ਤੇ ਦੋ ਦਿਨ ਪਹਿਲਾਂ ਸੰਘਰਸ਼ ਕਮੇਟੀ ਦਾ ਗਠਨ ਕਰਕੇ ਮਸਲੇ ਦੇ ਹੱਲ ਲਈ ਸੰਘਰਸ਼ ਵਿੱਢਣ ਦਾ ਐਲਾਨ ਹੋਣ ਤੋਂ ਬਾਅਦ ਅੱਜ ਰੇਲਵੇ ਅਧਿਕਾਰੀਆਂ ਦੇ ਲਹਿਰਾ ਮੁਹੱਬਤ ਆਉਣ ਦਾ ਪਤਾ ਲੱਗਦਿਆਂ ਹੀ ਦੁਪਹਿਰ 12:30 ਵਜੇ ਤੋਂ ਪਿੰਡ ਦੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ।

ਬਾਅਦ ਦੁਪਹਿਰ 3:30 ਵਜੇ ਫਾਟਕ ਨੰ: 123 ਦੀ ਬਜਾਏ ਚੱਕਾਂ ਵਾਲੇ ਰੇਲਵੇ ਫਾਟਕ 'ਤੇ ਆਪਣੀ ਟੀਮ ਸਮੇਤ ਰੇਲਵੇ ਟਰੈਕ 'ਤੇ ਦੌਰੇ 'ਤੇ ਪੁੱਜੇ ਰੇਲਵੇ ਅਧਿਕਾਰੀਆਂ ਡੀ. ਐੱਸ. ਈ-2 ਆਰ. ਕੇ. ਗਰਗ ਤੇ ਸੀਨੀਅਰ ਸੈਕਸ਼ਨ ਅਧਿਕਾਰੀ ਵਿਜੈ ਕਟਾਰੀਆ ਨੇ ਪਿੰਡ ਵਾਸੀਆਂ ਦੇ ਵਫਦ 'ਚ ਸ਼ਾਮਲ ਨਾਮਦੇਵ ਸਿੰਘ ਸਿੱਧੂ (ਰਿਟਾ. ਤਹਿਸੀਲਦਾਰ), ਗੁਰਜੰਟ ਸਿੰਘ ਤੇ ਸੈਬਰ ਸਿੰਘ ਆਦਿ ਨਾਲ ਗੱਲਬਾਤ ਕਰਦਿਆਂ ਭਰੋਸਾ ਦਿਵਾਇਆ ਕਿ ਬਣਾਏ ਜਾਣ ਵਾਲੇ ਅੰਡਰਬ੍ਰਿਜ ਦੀ ਚੌੜਾਈ-ਲੰਬਾਈ ਬਾਰੇ ਇੰਜੀਨੀਅਰਜ਼ ਦੁਆਰਾ ਨਰੀਖਣ ਤੋਂ ਬਾਅਦ ਹੀ ਤੈਅ ਹੋਵੇਗਾ। ਸ੍ਰੀ ਆਰ. ਕੇ. ਗਰਗ ਨੇ ਰੇਲਵੇ ਸਟੇਸ਼ਨ 'ਤੇ ਰੇਲਾਂ ਰੋਕੇ ਜਾਣ ਤੋਂ ਇਲਾਵਾ ਪਲੇਟਫਾਰਮ ਦੀ ਉਸਾਰੀ ਸਮੇਂ ਇੰਟਰਲਾਕ ਦੀ ਵਰਤੋਂ ਕਰਨ ਸਮੇਤ ਹੋਰ ਮੰਗਾਂ ਦੇ ਹੱਲ ਦਾ ਵੀ ਭਰੋਸਾ ਦਿਵਾਇਆ।

ਮਨ ਦੀ ਮਜ਼ਬੂਤੀ ਲਈ ਕਸਰਤ ਹਨ ਪੁਸਤਕਾਂ : ਮਾਨਖੇੜਾ

ਬਠਿੰਡਾ (ਬਖਤੌਰ ਢਿੱਲੋਂ)

ਪੁਸਤਕਾਂ ਇਨਸਾਨ ਨੂੰ ਸੰਜਮ, ਆਤਮ ਵਿਸ਼ਵਾਸ, ਦਿਆਲਤਾ, ਭਾਵੁਕਤਾ, ਸਿਆਣਪ ਤੇ ਦਲੇਰੀ ਆਦਿ ਸਦਗੁਣ ਪ੍ਰਦਾਨ ਕਰਦੀਆਂ ਹਨ ਤੇ ਆਮ ਲੋਕਾਂ ਤੱਕ ਕਿਤਾਬਾਂ ਪੁੱਜਦੀਆਂ ਕਰਨ ਲਈ ਲਾਇਬ੍ਰੇਰੀਆਂ ਦਾ ਬਹੁਤ ਮਹੱਤਵ ਹੈ। ਹੁਣ ਪੰਜਾਬ ਦੇ ਨੌਜਵਾਨ ਵਰਗ ਨੇ ਲਾਇਬ੍ਰੇਰੀਆਂ ਵੱਲ ਧਿਆਨ ਕੇਂਦਰਤ ਕੀਤਾ ਹੋਇਆ ਹੈ। ਇਸ ਜ਼ਿਲ੍ਹੇ ਦੇ ਪਿੰਡ ਪਿੱਥੋ ਵਿਖੇ ਵੀ ਲਾਇਬ੍ਰੇਰੀ ਦੀ ਨਵੀਂ ਇਮਾਰਤ ਉਸਾਰੀ ਜਾ ਰਹੀ ਹੈ, ਜੋ ਮੁਕੰਮਲ ਹੋਣ ਦੇ ਨੇੜੇ ਹੈ। ਉਨ੍ਹਾਂ ਕਿਹਾ ਕਿ ਮਨ ਦੀ ਮਜ਼ਬੂਤੀ ਲਈ ਪੁਸਤਕਾਂ ਕਸਰਤ ਹਨ ਤੇ ਲਾਇਬ੍ਰੇਰੀਆਂ ਖੇਡ ਮੈਦਾਨ। ਪੁਸਤਕਾਂ ਨੌਜਵਾਨਾਂ ਨੂੰ ਸਮਾਜਿਕ ਕੁਰੀਤੀਆਂ, ਨਸ਼ਿਆਂ ਆਦਿ ਤੋਂ ਰੋਕ ਕੇ ਸਫ਼ਲ ਜੀਵਨ ਦੇ ਰਾਹ ਤੋਰਨ ਵਿੱਚ ਸਹਾਈ ਹੁੰਦੀਆਂ ਹਨ। ਸਾਹਿਤਕਾਰ ਬਲਵਿੰਦਰ ਸਿੰਘ ਭੁੱਲਰ ਨੇ ਇਸ ਲਾਇਬ੍ਰੇਰੀ ਲਈ ਆਪਣੀ ਨਵੇਂ ਛਪੇ ਮਿੰਨੀ ਕਹਾਣੀ ਸੰਗ੍ਰਹਿ 'ਕੁਸੈਲਾ ਸੱਚ' ਸਮੇਤ ਡਾ: ਤੇਜਵੰਤ ਸਿੰਘ ਮਾਨ ਦੀ ਪੁਸਤਕ ਗੁੰਬਦ ਤੋਂ ਬਾਹਰ, ਰਜਿੰਦਰ ਸਿੰਘ ਜਾਲੀ ਦੀ ਜਿਉਂਦੀ ਜ਼ਮੀਰ ਵਾਲੇ, ਗੁਰਨਾਮ ਢਿੱਲੋਂ ਦੀ ਦਰਦ ਦੀ ਗੂੰਜ, ਰਾਜਵਿੰਦਰ ਸਿੰਘ ਰਾਣਾ ਦੀ ਕਮਾਦ ਵਾਲਾ ਖੇਤ ਤੇ ਰਤਨ ਸਿੰਘ ਦੀ ਬੋਛਾਰ ਭੇਟ ਕੀਤੀ। ਲਾਇਬ੍ਰੇਰੀ ਦੀ ਸਥਾਪਤੀ ਲਈ ਯਤਨਸ਼ੀਲ ਬੇਅੰਤ ਸਿੰਘ ਨੇ ਦੱਸਿਆ ਕਿ ਕੁਝ ਮਹੀਨਿਆਂ ਤੱਕ ਇਮਾਰਤ ਮੁਕੰਮਲ ਹੋ ਜਾਵੇਗੀ। ਪੁਸਤਕਾਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੋ ਆਮ ਪ੍ਰਚਾਰ ਹੋ ਰਿਹਾ ਹੈ ਕਿ ਨੌਜਵਾਨ ਪੀੜ੍ਹੀ ਕਿਤਾਬਾਂ ਤੋਂ ਦੂਰ ਹੋ ਰਹੀ ਹੈ, ਅਜਿਹਾ ਨਹੀਂ। ਨੌਜਵਾਨਾਂ ਵਿੱਚ ਪੁਸਤਕਾਂ ਪੜ੍ਹਨ ਦੀ ਰੁਚੀ ਬਰਕਰਾਰ ਹੈ, ਪ੍ਰੰਤੂ ਚੰਗੀਆਂ ਕਿਤਾਬਾਂ ਦੀ ਘਾਟ ਜ਼ਰੂਰ ਮਹਿਸੂਸ ਹੁੰਦੀ ਹੈ।

ਪੰਜਾਬੀ ਸਾਹਿਤ ਸਭਾ ਰਜਿ: ਬਠਿੰਡਾ ਦੇ ਪ੍ਰਧਾਨ ਸ੍ਰੀ ਜਸਪਾਲ ਮਾਨਖੇੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਲਾਇਬ੍ਰੇਰੀਆਂ ਲਈ ਵਿਸ਼ੇਸ਼ ਧਿਆਨ ਦੇ ਕੇ ਉੱਚਪਾਏ ਦੀਆਂ ਪੁਸਤਕਾਂ ਪਹੁੰਚਾਉਣ ਦੇ ਯਤਨ ਕਰਨੇ ਚਾਹੀਦੇ ਹਨ ਤੇ ਸਾਹਿਤ ਸਭਾਵਾਂ ਵੱਲੋਂ ਵੀ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮਨ ਦੀ ਮਜ਼ਬੂਤੀ ਲਈ ਪੁਸਤਕਾਂ ਕਸਰਤ ਹਨ ਤੇ ਲਾਇਬ੍ਰੇਰੀਆਂ ਖੇਡ ਮੈਦਾਨ। ਪੁਸਤਕਾਂ ਨੌਜਵਾਨਾਂ ਨੂੰ ਸਮਾਜਿਕ ਕੁਰੀਤੀਆਂ, ਨਸ਼ਿਆਂ ਆਦਿ ਤੋਂ ਰੋਕ ਕੇ ਸਫ਼ਲ ਜੀਵਨ ਦੇ ਰਾਹ ਤੋਰਨ ਵਿੱਚ ਸਹਾਈ ਹੁੰਦੀਆਂ ਹਨ।

ਕਾਤਰਾਂ

80 ਗ੍ਰਾਮ ਸਮੈਕ ਸਮੇਤ 2 ਕਾਬੂ

ਨਾਭਾ (ਵਰਿੰਦਰ ਵਰਮਾ)-ਨਾਭਾ ਪੁਲਸ ਵੱਲੋਂ ਨਸ਼ਾ ਸਮੱਗਲਰਾਂ ਖਿਲਾਫ ਵਿੱਢੀ ਗਈ ਸਪੈਸ਼ਲ ਮੁਹਿੰਮ ਤਹਿਤ ਸਬ ਇੰਸਪੈਕਟਰ ਅਮਰਜੀਤ ਸਿੰਘ ਸਮੇਤ ਪੁਲਸ ਪਾਰਟੀ ਦੇ ਗਸ਼ਤ ਦੌਰਾਨ ਮਿਲੀ ਗੁਪਤਾ ਸੂਚਨਾ ਦੇ ਅਧਾਰ 'ਤੇ ਐੱਸ ਆਈ ਅਮਰੀਕ ਸਿੰਘ ਇੰਚਾਰਜ ਚੌਕੀ ਰੋਹਟੀ ਵੱਲੋਂ ਪੁਲ ਥੱਲੇ ਸਮੇਤ ਪੁਲਸ ਪਾਰਟੀ ਦੇ ਗੋਲ ਚੌਕ ਵਿਖੇ ਨਾਕਾਬੰਦੀ ਕੀਤੀ ਹੋਈ ਸੀ, ਜਿੱਥੇ ਇੱਕ ਕਾਰ ਨੰਬਰੀ 38-01-P0083 ਮਾਰਕਾ ਸਵਿਫਟ ਭਾਦਸੋ ਸਾਇਡ ਤੋਂ ਆਈ, ਜਿਸ ਨੂੰ ਰੋਕ ਕੇ ਚੈਕਿੰਗ ਦੌਰਾਨ ਕਾਰ ਵਿੱਚ ਡਰਾਇਵਰ ਸਾਇਡ ਇੱਕ ਵਿਅਕਤੀ ਸਤਨਾਮ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਅਜਨੋਦਾ ਕਲਾਂ ਥਾਣਾ ਭਾਦਸੋ ਹਾਲ ਅਬਾਦ ਹਰੀਦਾਸ ਕਲੋਨੀ ਨਾਭਾ ਤੇ ਨਾਲ ਵਾਲੀ ਸੀਟ 'ਤੇ ਬੈਠੇ ਮਿੰਟੂ ਪੁੱਤਰ ਦਰਸ਼ਨ ਸਿੰਘ ਵਾਸੀ ਸਮਲਾ ਥਾਣਾ ਸਦਰ ਨਾਭਾ ਨੂੰ ਕਾਬੂ ਕਰਕੇ ਕਾਰ ਵਿੱਚ ਪਏ ਇੱਕ ਪਾਲੀਥੀਨ 'ਚ 80 ਗ੍ਰਾਮ ਹੈਰੋਇਨ ਬ੍ਰਾਮਦ ਕਰਕੇ ਥਾਣਾ ਸਦਰ ਨਾਭਾ ਵਿਖੇ ਉਕਤ ਮੁਲਜ਼ਮਾਂ ਖਿਲਾਫ ਕੇਸ ਦਰਜ ਕਰਵਾਇਆ ਗਿਆ ਹੈ। ਮੁਲਜ਼ਮਾਂ ਪਾਸੋਂ ਹੋਰ ਪੁੱਛ-ਗਿੱਛ ਜਾਰੀ ਹੈ।

ਜਲ ਸਪਲਾਈ ਤੇ ਸੈਨੀਟੇਸ਼ਨ ਸਬੰਧੀ ਦੂਜਾ ਰਾਜ ਪੱਧਰੀ ਜਨਤਾ ਦਰਬਾਰ 23 ਨੂੰ

ਫਾਜ਼ਿਲਕਾ 21 ਫਰਵਰੀ (ਨਿਸ਼ਾ ਸ਼ਰਮਾ)-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਬ੍ਰਹਮ ਸ਼ੰਕਰ ਜਿੰਪਾ ਦੀ ਅਗਵਾਈ ਹੇਠ 23 ਫਰਵਰੀ 2023 ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਦੂਜਾ ਰਾਜ ਪੱਧਰੀ ਵਰਚੁਅਲ ਜਨਤਾ ਦਰਬਾਰ ਲਗਾਇਆ ਜਾ ਰਿਹਾ ਹੈ। ਇਸ ਜਨਤਾ ਦਰਬਾਰ ਵਿੱਚ ਪੰਜਾਬ ਦੇ ਪੇਂਡੂ ਖੇਤਰਾਂ ਦੇ ਨਾਗਰਿਕਾਂ ਦੀਆਂ ਜਲ ਸਪਲਾਈ ਤੇ ਸੈਨੀਟੇਸ਼ਨ ਨਾਲ ਸਬੰਧਤ ਸ਼ਿਕਾਇਤਾਂ ਦਾ ਮੌਕੇ ਉੱਤੇ ਨਿਪਟਾਰਾ ਕਰਨ ਦਾ ਯਤਨ ਕੀਤਾ ਜਾਵੇਗਾ। ਕੈਬਨਿਟ ਮੰਤਰੀ ਵੱਲੋਂ ਇਹ ਜਨਤਾ ਦਰਬਾਰ ਚੰਡੀਗੜ੍ਹ ਵਿਖੇ ਵਰਚੁਅਲ ਤਰੀਕੇ ਨਾਲ ਅਟੈਂਡ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਇੰਜੀਨੀਅਰ ਜਲ ਤੇ ਸੈਨੀਟੇਸ਼ਨ ਵਿਭਾਗ ਫਾਜ਼ਿਲਕਾ ਸ੍ਰੀ ਸ਼ਮਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਆਪਣੀ ਸ਼ਿਕਾਇਤ ਜਨਤਾ ਦਰਬਾਰ ਲੱਗਣ ਤੋਂ ਪਹਿਲਾਂ ਤਿੰਨ ਤਰੀਕਿਆਂ ਨਾਲ ਦਰਜ ਕਰਵਾ ਸਕਦੇ ਹਨ। ਪਹਿਲਾ ਟੋਲ ਫ੍ਰੀ ਨੰਬਰ 1800-180-2468, ਦੂਜਾ ਈ ਮੇਲ ਉੱਪਰ ਤੇ ਤੀਜਾ ਵੈੱਬਸਾਈਟ ਉੱਪਰ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅਗੇਤੀਆਂ ਦਰਜ ਕਰਵਾਈਆਂ ਸ਼ਿਕਾਇਤਾਂ ਦਾ ਪਹਿਲ ਦੇ ਆਧਾਰ ਉਤੇ ਨਿਪਟਾਰਾ ਕੀਤਾ ਜਾਵੇਗਾ। ਇਸ ਤੋਂ ਬਾਅਦ ਫਸਟ ਕਮ ਫਸਟ ਸਰਵ ਦੇ ਆਧਾਰ 'ਤੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਫਾਜ਼ਿਲਕਾ ਜ਼ਿਲ੍ਹੇ ਦੀ ਪੇਂਡੂ ਇਲਾਕੇ ਦੀ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਲਈ ਐਕਸੀਅਨ ਜਲ ਸਪਲਾਈ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਜੈਤੋ ਦੇ ਸ਼ਹੀਦਾਂ ਦੀ ਯਾਦ 'ਚ ਨਾਭਾ ਵਿਖੇ ਸਮਾਗਮ ਅੱਜ

ਨਾਭਾ (ਵਰਿੰਦਰ ਵਰਮਾ)-ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਸੀਨੀਅਰ ਟਕਸਾਲੀ ਅਕਾਲੀ ਆਗੂ ਗੁਰਦਿਆਲਇੰਦਰ ਸਿੰਘ ਬਿੱਲੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਾਭਾ ਵਿਖੇ ਜੈਤੋਂ ਦੇ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ 21 ਫਰਵਰੀ ਨੂੰ ਭੋਗ ਪਾਇਆ ਜਾਵੇਗਾ। ਇਹ ਸਾਰੇ ਪ੍ਰਬੰਧ ਦੀ ਦੇਖ-ਰੇਖ ਲੋਕਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ। ਨਾਭਾ ਇਲਾਕੇ ਦੀਆਂ ਸਮੂਹ ਸੰਗਤਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਭਾਰੀ ਗਿਣਤੀ ਵਿੱਚ ਪਹੁੰਚਣਗੀਆਂ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ ਜਾਵੇਗਾ। ਇਸ ਮੌਕੇ ਪਰਮਜੀਤ ਸਿੰਘ ਸਰੋਆ ਐਡੀਸ਼ਨਲ ਸੈਕਟਰੀ ਸ਼੍ਰੋਮਣੀ ਕਮੇਟੀ, ਹਰਵਿੰਦਰ ਸਿੰਘ ਮੈਨੇਜਰ ਬਲਤੇਜ ਸਿੰਘ ਖੋਖ, ਰਣਧੀਰ ਸਿੰਘ ਧੰਗੂੜਾ, ਬਲਜੀਤ ਸਿੰਘ ਖਹਿਰਾ, ਸਾਧੂ ਸਿੰਘ ਕਪੂਰ, ਮੈਨੇਜਰ ਹਰਨੇਕ ਸਿੰਘ ਆਦਿ ਹਾਜ਼ਰ ਸਨ।

ਮੈਡੀਕਲ ਨਸ਼ੇ ਦੀਆਂ ਗੋਲੀਆਂ ਰੱਖਣ ਦੇ ਮਾਮਲੇ 'ਚ ਸਜ਼ਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਸੈਸ਼ਨ ਅਦਾਲਤ ਵੱਲੋਂ ਮੈਡੀਕਲ ਨਸ਼ੇ ਦੀਆਂ ਗੋਲੀਆਂ ਰੱਖਣ ਵਾਲੇ ਇਕ ਆਦਮੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਮਖੂ ਪੁਲਸ ਵੱਲੋਂ 25 ਜੂਨ 2021 ਨੂੰ ਦਰਜ ਮਾਮਲੇ ਵਿੱਚ ਏ.ਐੱਸ.ਆਈ. ਗੁਰਵਿੰਦਰ ਪਾਲ ਨੇ ਦੱਸਿਆ ਕਿ ਦੌਰਾਨੇ ਗਸ਼ਤ ਇੱਕ ਆਦਮੀ ਨੂੰ ਕਾਬੂ ਕਰਕੇ ਤਲਾਸ਼ੀ ਦੌਰਾਨ 90 ਗੋਲੀਆਂ ਬਰਾਮਦ ਹੋਈਆਂ। ਇਸ ਬਾਬਤ ਚੱਲੇ ਮਾਮਲੇ ਵਿੱਚ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਫ਼ਿਰੋਜ਼ਪੁਰ ਕੇਵਲ ਕ੍ਰਿਸ਼ਨ ਦੀ ਅਦਾਲਤ ਨੇ ਨਾਮਜ਼ਦ ਜਸਵੰਤ ਸਿੰਘ ਪੁੱਤਰ ਹਰਮੇਸ਼ ਸਿੰਘ ਵਾਸੀ ਮੱਖੂ ਨੂੰ ਦੋਸ਼ੀ ਕਰਾਰ ਦਿੰਦੇ ਹੋਏ 10 ਹਜ਼ਾਰ ਜੁਰਮਾਨਾ ਤੇ ਨਿਆਇਕ ਹਿਰਾਸਤ ਵਿੱਚ ਕੱਟੇ ਦਿਨਾਂ ਨੂੰ ਸਜ਼ਾ ਵਜੋਂ ਗਿਣਨ ਦਾ ਹੁਕਮ ਦਿੱਤਾ।

ਤਿੜਕਦੇ ਰਿਸ਼ਤਿਆਂ ਨੂੰ ਬਚਾਉਣ ਦਾ ਯਤਨ ਕਰੇਗਾ 'ਰੌਸ਼ਨ ਪ੍ਰਿੰਸ'

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸੋਹਣੇ ਨੈਣ ਨਕਸ਼ਾਂ ਵਾਲਾ, ਸੁਰੀਲੀ ਆਵਾਜ਼ ਦਾ ਮਾਲਕ 'ਆਵਾਜ਼ ਪੰਜਾਬ ਦੀ' ਜੇਤੂ ਰੌਸ਼ਨ ਪ੍ਰਿੰਸ ਗਾਇਕ ਤੇ ਨਾਇਕ ਵਜੋਂ ਅੱਜ ਇੱਕ ਖ਼ਾਸ ਪਹਿਚਾਣ ਰੱਖਦਾ ਹੈ। ਦਰਸ਼ਕਾਂ ਨੇ ਉਸ ਨੂੰ ਫ਼ਿਲਮੀ ਪਰਦੇ 'ਤੇ ਵੀ ਉਨਾ ਹੀ ਪਿਆਰ ਦਿੱਤਾ ਹੈ, ਜਿੰਨਾ ਗਾਇਕ ਵਜੋਂ ਉਸ ਦੀਆਂ ਫ਼ਿਲਮਾਂ ਆਮ ਵਿਸ਼ਿਆਂ ਤੋਂ ਹਟ ਕੇ ਸਮਾਜ ਨੂੰ ਸੇਧ ਦੇਣ ਵਾਲੀਆਂ ਹੁੰਦੀਆਂ ਹਨ। ਉਸ ਨੇ ਹੁਣ ਤੱਕ ਦੋ ਦਰਜਨ

21-FEB-2023-page-11.qxd 2/20/2023 10:41 PM Page 1

ਮੰਗਾਂ ਨੂੰ ਲੈ ਕੇ ਵੇਰਕਾ ਮਿਲਕ ਤੇ ਕੈਟਲਫੀਡ ਪਲਾਂਟ ਆਊਟਸੋਰਸ ਮੁਲਾਜ਼ਮ ਯੂਨੀਅਨ ਵੱਲੋਂ ਘਿਰਾਓ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਵੇਰਕਾ ਮਿਲਕ ਤੇ ਕੈਟਲਫੀਡ ਪਲਾਂਟ ਆਊਟਸੋਰਸ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਘਰ ਅਤੇ ਦਫਤਰ ਦਾ ਘਿਰਾਓ ਕੀਤਾ ਗਿਆ। ਸੂਬਾ ਆਗੂ ਪਵਨਦੀਪ ਸਿੰਘ, ਸੀਨੀ, ਮੀਤ ਪ੍ਰਧਾਨ, ਸੰਦੀਪ ਸੰਧੂ, ਜਸਬੀਰ ਸਿੰਘ, ਜਤਿੰਦਰ ਸਿੰਘ, ਜਗਜੀਤ ਸਿੰਘ, ਰੁਪਿੰਦਰ ਸਿੰਘ, ਜਿਤੇਂਦਰ ਸਿੰਘ, ਅਮਨਦੀਪ ਸਿੰਘ, ਸੁੱਖਵਿੰਦਰ ਸਿੰਘ ਅਤੇ ਵੱਖ-ਵੱਖ ਪਲਾਂਟ ਆਗੂਆਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਵੇਰਕਾ ਮਿਲਕ ਪਲਾਂਟਾਂ ਵਿੱਚ 500 ਪੋਸਟਾਂ ਭਰਨ ਨੂੰ ਪ੍ਰਵਾਨਗੀ ਦਿੱਤੀ ਗਈ ਸੀ, ਆਊਟਸੋਰਸ ਮੁਲਾਜ਼ਮਾਂ ਦੀ ਮੰਗ ਸੀ ਕਿ ਪਹਿਲਾ ਇਨਾਂ ਪੋਸਟਾਂ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਸ਼ਾਮਿਲ ਕੀਤਾ ਜਾਵੇ। ਇਨ੍ਹਾਂ ਪੋਸਟਾਂ 'ਤੇ ਭਰਤੀ ਕਰਨ ਨਾਲ 500 ਆਊਟਸੋਰਸ ਵਰਕਰਾਂ ਦਾ ਰੋਜ਼ਗਾਰ ਚਲਾ ਜਾਵੇਗਾ ਕਿਉਂਕਿ ਸੀ ਅਤੇ ਡੀ ਕੈਟਾਗਰੀ ਦੇ ਵਿਚ ਇਨਾਂ ਸਾਰੀਆਂ ਪੋਸਟਾਂ 'ਤੇ ਆਊਟਸੋਰਸ ਵਰਕਰ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਨ, ਜਿਸ ਦੇ ਸੰਬੰਧ ਵਿੱਚ ਵੇਰਕਾ ਠੇਕਾ ਮੁਲਾਜ਼ਮ ਯੂਨੀਅਨ ਨੇ 3 ਦਿਨ ਦਾ ਮੁਹਾਲੀ ਮਿਲਕ ਪਲਾਂਟ ਵਿਖੇ ਧਰਨਾ ਦਿੱਤਾ ਸੀ। ਇਸ ਧਰਨੇ ਦੇ ਸਿੱਟੇ ਵਜੋਂ ਪੰਜਾਬ ਸਰਕਾਰ ਅਤੇ ਵੇਰਕਾ ਮਿਲਕਫੈਡ ਮੈਨੇਜਮੈਂਟ ਵੱਲੋਂ ਇਹ ਪੋਸਟਾਂ 'ਤੇ ਰੋਕ ਲਗਾ ਦਿੱਤੀ ਗਈ ਸੀ ਅਤੇ ਵੇਰਕਾ ਠੇਕਾ ਮੁਲਾਜ਼ਮ ਯੂਨੀਅਨ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਮੁੱਖ ਮੰਤਰੀ ਨਾਲ ਜਲਦ ਮੀਟਿੰਗ ਕਰਵਾ ਕੇ ਤੁਹਾਡੀਆਂ ਮੰਗਾਂ ਜਲਦ ਤੋਂ ਜਲਦ ਹੱਲ ਕੀਤਾ ਜਾਵੇਗਾ ਅਤੇ ਉਸ ਤੋਂ ਬਾਅਦ ਪੋਸਟਾਂ ਭਰੀਆਂ ਜਾਣਗੀਆਂ। ਪ੍ਰੰਤੂ ਅਜੇ ਤੱਕ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਗਿਆ ਅਤੇ ਨਾ ਹੀ ਮੰਗਾਂ ਨੂੰ ਹੱਲ ਕਰਨ ਵੱਲ ਧਿਆਨ ਦਿੱਤਾ ਗਿਆ। ਸੂਬਾ ਆਗੂ ਵੱਲੋਂ ਦੱਸਿਆ ਗਿਆ ਕਿ ਮਿਲਕਫੈੱਡ ਇੱਕ ਪਾਲਿਸੀ ਅਨੁਸਾਰ ਨਹੀਂ ਚਲਦਾ, ਪਲਾਂਟਾਂ ਵਿੱਚ ਕਿਰਤ ਕਨੂੰਨ ਵਿਭਾਗ ਅਨੁਸਾਰ ਮਿਲਦੇ ਅਧਿਕਾਰ ਲਾਗੂ ਨਹੀਂ ਕੀਤੇ ਗਏ ਅਤੇ ਨਾ ਹੀ ਕਿਰਤ ਵਿਭਾਗ ਅਨੁਸਾਰ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ। ਪੰਜਾਬ ਸਰਕਾਰ ਨੂੰ ਇਸ ਵੱਲ ਧਿਆਨ ਦੇ ਕੇ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਭਗਵੰਤ ਸਿੰਘ ਮਾਨ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਇਹ ਐਲਾਨ ਕੀਤਾ ਸੀ ਕਿ ਠੇਕੇਦਾਰੀ ਸਿਸਟਮ ਨੂੰ ਖਤਮ ਕੀਤਾ ਜਾਵੇਗਾ ਪ੍ਰੰਤੂ ਇਸਦੇ ਉਲਟ ਸਰਕਾਰ ਅਤੇ ਵੇਰਕਾ ਮਿਲਕਫੈੱਡ ਅਧਿਕਾਰੀਆ ਵੱਲਾਂ ਠੇਕੇਦਾਰੀ ਸਿਸਟਮ ਨੂੰ ਬੜ੍ਹਾਵਾ ਦਿੱਤਾ ਜਾ ਰਿਹਾ ਹੈ। ਮਿਲਕਫੈਡ ਦੇ ਵੱਖ-ਵੱਖ ਵਿਭਾਗਾਂ ਵਿੱਚ ਠੇਕੇਦਾਰੀ ਸਿਸਟਮ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਕੰਮ ਕਰਦੇ ਮੁਲਾਜ਼ਮਾਂ ਦੀ ਲੁੱਟ ਕੀਤੀ ਜਾ ਰਹੀ ਹੈ। ਸੂਬਾ ਆਗੂ ਨੇ ਕਿਹਾ ਕਿ ਇਸ ਠੇਕੇਦਾਰੀ ਸਿਸਟਮ ਨੂੰ ਤੁਰੰਤ ਬੰਦ ਕਰਕੇ ਜੋ ਵਰਕਰ ਪੁਰਾਣੇ ਸਮੇਂ ਤੋਂ ਕੰਮ ਕਰਦੇ ਆ ਰਹੇ ਹਨ, ਉਨ੍ਹਾਂ ਨੂੰ ਤੁਰੰਤ ਪੱਕਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਮੰਗਾਂ ਨੂੰ ਮਨਵਾਉਣ ਲਈ ਅੱਜ 20 ਫਰਵਰੀ 2023 ਨੂੰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਦਫਤਰ ਅਤੇ ਘਰ ਦਾ ਘਿਰਾਓ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ 23 ਫਰਵਰੀ 2023 ਨੂੰ ਵੇਰਕਾ ਪਲਾਂਟ ਬਠਿੰਡਾ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜੇਕਰ ਫਿਰ ਵੀ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਾਂ 3 ਮਾਰਚ 2023 ਨੂੰ ਲੁਧਿਆਣਾ ਮਿਲਕ ਪਲਾਂਟ ਅਤੇ 5 ਮਾਰਚ 2023 ਨੂੰ ਮੋਹਾਲੀ ਮਿਲਕ ਪਲਾਂਟ ਦੇ ਗੇਟ ਸਾਹਮਣੇ ਰੋਸ ਮਾਰਚ ਕਰ ਕੇ ਧਰਨਾ ਪ੍ਰਦਰਸਨ ਕੀਤਾ ਜਾਵੇਗਾ। ਇਨਾਂ ਰੋਸ ਮੁਜ਼ਾਹਰਿਆਂ ਵਿੱਚ ਵੇਰਕਾ ਠੇਕਾ ਮੁਲਾਜ਼ਮ ਆਪਣੇ ਪਰਿਵਾਰਾਂ ਨਾਲ ਸ਼ਾਮਲ ਹੋਣਗੇ। ਜਦ ਤਕ ਸਾਡੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ ਸੰਘਰਸ਼ ਨੂੰ ਹੋਰ ਤਿੱਖਾ ਅਤੇ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਕਿਸਾਨ ਯੂਨੀਅਨਾਂ ਪੰਜਾਬ, ਭਰਾਤਰੀ ਜਥੇਬੰਦੀਆਂ, ਜ਼ਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ, ਲਖਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਸੰਯੁਕਤ ਮੋਰਚਾ, ਮਲਕੀਤ ਸਿੰਘ ਟੀਐਸਯੂ, ਸੁੱਖਦੇਵ ਸਿੰਘ ਜਲਸਪਲਾਈ ਅਤੇ ਮਿਲਕ ਪਲਾਂਟਾਂ ਦੇ ਜ਼ਿਲ੍ਹਾ ਆਗੂ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਸਾਥੀ ਪਰਿਵਾਰਾਂ ਸਮੇਤ ਹਾਜ਼ਰ ਸਨ।

ਸ਼ਿਵਾਲਾ ਮੰਦਰ ਕਮੇਟੀ ਕਲਾਨੌਰ ਵੱਲੋਂ ਪ੍ਰਧਾਨ ਰਜਾਦਾ ਦਾ ਸਨਮਾਨ

ਕਲਾਨੌਰ, (ਮਨਦੀਪ ਕੋਹਲੀ)-ਦੇਸ਼ ਵਿੱਚ ਪੱਤਰਕਾਰਤਾ ਨੂੰ ਚੌਥਾ ਸਤੰਭ ਮੰਨਿਆ ਗਿਆ ਹੈ ਕਿਉਂਕਿ ਜਦੋਂ ਵੀ ਕਿਸੇ ਨੇ ਆਪਣੀ ਆਵਾਜ਼ ਬੁਲੰਦ ਕਰਨੀ ਹੁੰਦੀ ਹੈ ਜਾਂ ਕਹਿ ਲਈਏ ਕਿ ਆਮ ਲੋਕਾਂ ਵੱਲੋਂ ਆਪਣੀ ਆਵਾਜ ਸਰਕਾਰਾਂ ਦੇ ਕੰਨਾਂ ਤੱਕ ਪਹੁੰਚਾਉਣੀ ਹੁੰਦੀ ਹੈ ਤਾਂ ਉਸ ਵੇਲੇ ਪੱਤਰਕਾਰਾਂ ਦੀ ਵੀ ਲੋੜ ਪੈਂਦੀ ਹੈ ਚਾਹੇ ਉਹ ਕਿਸੇ ਵੀ ਪਲੇਟਫਾਰਮ ਸੋਸਲ ਮੀਡੀਆ, ਇਲੈਕਟ੍ਰੋਨਿਕ ਮੀਡੀਆ ਜਾਂ ਪ੍ਰਿੰਟ ਮੀਡੀਆ ਨਾਲ ਜੁੜਿਆ ਹੋਵੇ। ਇਸੇ ਦੇ ਚਲਦੇ ਪ੍ਰਾਚੀਨ ਸ਼ਿਵ ਮੰਦਿਰ ਕਲਾਨੌਰ ਵਿੱਚ ਸ਼ਿਵਰਾਤਰੀ ਦਾ ਤਿਉਹਾਰ ਜੋ ਕਿ ਬੜੀ ਧੂਮਧਾਮ ਨਾਲ ਮਨਾਇਆ ਗਿਆ ਹੈ ਅਤੇ ਸ਼ਾਂਤਮਈ ਹੋ ਨਿੱਬੜੇ।

ਇਸ ਸ਼ਿਵਰਾਤਰੀ ਮੇਲੇ ਦੌਰਾਨ ਵੱਖ-ਵੱਖ ਸ਼ਖਸੀਅਤਾਂ ਜੋ ਕਿ ਭਗਵਾਨ ਸੰਕਰ ਜੀ ਦਾ ਅਸ਼ੀਰਵਾਦ ਲੈਣ ਲਈ ਮੰਦਰ ਵਿਚ ਪਹੁੰਚੀਆਂ ਸਨ ਉਨਾਂ ਨੂੰ ਸ਼ਿਵ ਮੰਦਿਰ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ ਸੀ। ਇਸੇ ਦੌਰਾਨ ਕਲਾਨੌਰ ਸ਼ਿਵ ਮੰਦਰ ਵਿੱਚ ਸ਼ਿਵ ਸ਼ੰਕਰ ਦਾ ਅਸ਼ੀਰਵਾਦ ਲੈਣ ਲਈ ਪਹੁੰਚੇ ਕਲਾਨੌਰ ਪ੍ਰੈਸ ਕਲੱਬ ਦੇ ਪ੍ਰਧਾਨ ਗੁਰਦੇਵ ਸਿੰਘ ਰਜਾਦਾ ਨੂੰ ਵੀ ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ, ਮੀਤ ਪ੍ਰਧਾਨ ਅਸ਼ਵਨੀ ਮਹਾਜਨ, ਸੰਜੀਵ ਕੁਮਾਰ, ਅਸ਼ਵਨੀ ਕੁਮਾਰ ਆਦਿ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ ਜਿਸ 'ਤੇ ਕਲਾਨੌਰ ਪ੍ਰੈਸ ਕਲੱਬ ਦੇ ਪ੍ਰਧਾਨ ਗੁਰਦੇਵ ਸਿੰਘ ਰਜਾਦਾ ਵੱਲੋਂ ਵੀ ਆਪਣੇ ਅਤੇ ਆਪਣੀ ਪੂਰੀ ਕਲਾਨੌਰ ਦੀ ਪੱਤਰਕਾਰ ਟੀਮ ਵੱਲੋਂ ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ ਅਤੇ ਕਮੇਟੀ ਦਾ ਧੰਨਵਾਦ ਕੀਤਾ ਗਿਆ।

ਸ਼ਿਵਰਾਤਰੀ ਮੌਕੇ ਦੁਕਾਨਦਾਰਾਂ ਨੇ ਲੰਗਰ ਲਗਾਇਆ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ) ਅੱਜ ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਮੇਨ ਬਾਜ਼ਾਰ ਤੇ ਸਮੂਹ ਦੁਕਾਨਦਾਰਾਂ ਵੱਲੋਂ ਸ਼ਿਵਰਾਤਰੀ ਦੇ ਸ਼ੁਭ ਦਿਹਾੜੇ ਮੌਕੇ ਲੰਗਰ ਲਗਾਇਆ ਗਿਆ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ ਬਿੱਟਾ ਮਹਾਜਨ, ਲਵ ਬੱਬਰ, ਰਮੇਸ਼ ਬੱਬਰ ਆਦਿ ਦੁਕਾਨਦਾਰਾਂ ਨੇ ਦੱਸਿਆਂ ਕੇ ਮਹਾਰਾਜਾ ਰਣਜੀਤ ਸਿੰਘ ਚੌਕ ਦੇ ਨਜ਼ਦੀਕ ਮੇਨ ਬਾਜ਼ਾਰ ਡੇਰਾ ਬਾਬਾ ਨਾਨਕ ਦੇ ਸਮੂਹ ਦੁਕਾਨਦਾਰਾਂ ਵੱਲੋਂ ਅੱਜ ਸ਼ਿਵਰਾਤਰੀ ਦਾ ਦਿਹਾੜਾ ਮਨਾਉਂਦਿਆਂ ਹੋਇਆਂ ਕੜ੍ਹੀ ਚੌਲਾਂ ਦਾ ਲੰਗਰ ਲਗਾਇਆ ਗਿਆ। ਉਨ੍ਹਾਂ ਕਿਹਾ ਕਿ ਸ਼ਿਵਰਾਤਰੀ ਦੇ ਦਿਹਾੜੇ ਨੂੰ ਲੈ ਕੇ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਰਜੇਸ਼ ਕੁਮਾਰ ਬਿੱਟਾ ਮਹਾਜਨ, ਲਵ ਬੱਬਰ, ਦਿਨੇਸ਼ ਵਰਮਾ, ਪਵਨ ਕੁਮਾਰ, ਪੱਪੀ, ਦੀਪਕ ਮਹਿਰਾ, ਰਾਜਨ ਅਰੋੜਾ, ਨੂਰ ਅਰੋੜਾ, ਘੁੱਲਾ ਸਬਜ਼ੀਵਾਲਾ, ਓਮ ਗੌਂਦ, ਪ੍ਰਿੰਸ ਤੇ ਸੌਰਵ ਬੱਬਰ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਅਦਾਲਤੀ ਕੰਮਕਾਰ ਵੀ ਪੰਜਾਬੀ 'ਚ ਹੋਵੇ: ਬਾਸਰਕੇ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਅੰਮ੍ਰਿਤਸਰ ਸਰਹੱਦੀ ਸਾਹਿਤ ਸਭਾ (ਰਜਿ) ਦੇ ਪ੍ਰਧਾਨ ਤੇ ਪੰਜਾਬੀ ਕਹਾਣੀਕਾਰ ਮਨਮੋਹਨ ਸਿੰਘ ਬਾਸਰਕੇ ਨੇ ਕੌਮਾਂਤਰੀ ਮਾਂ ਬੋਲੀ ਦਿਵਸ 'ਤੇ ਇੱਥੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬੀ ਬੋਲੀ ਦੇ ਪ੍ਰਸਾਰ ਤੇ ਪ੍ਰਚਾਰ ਲਈ ਹਰ ਪੰਜਾਬੀ ਨੂੰ ਅੱਗੇ ਆਉਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਹੋਰਨਾਂ ਭਾਸ਼ਾਵਾਂ ਦਾ ਗਿਆਨ ਹੋਣਾ ਬਹੁਤ ਚੰਗੀ ਗੱਲ ਹੈ ਪਰ ਪੰਜਾਬੀ ਮਾਂ ਬੋਲੀ ਦਾ ਰੁਤਬਾ ਪਟਰਾਣੀ ਵਾਲਾ ਹੈ ਅਤੇ ਇਸ ਦੀ ਜਗ੍ਹਾ ਕੋਈ ਹੋਰ ਭਾਸ਼ਾ ਨਹੀਂ ਲੈ ਸਕਦੀ। ਮਨਮੋਹਨ ਸਿੰਘ ਬਾਸਰਕੇ ਨੇ ਕਿਹਾ ਕਿ ਅਦਾਲਤੀ ਕੰਮਕਾਰ ਵੀ ਪੰਜਾਬੀ ਵਿੱਚ ਹੋਣਾ ਚਾਹੀਦਾ ਹੈ। ਉਨ੍ਹਾਂ ਪੰਜਾਬੀਆਂ ਨੂੰ ਕਿਹਾ ਕਿ ਉਹ ਪੰਜਾਬੀ ਭਾਸ਼ਾ ਨੂੰ ਸਮਰਪਿਤ ਹੋਣ। ਇਸ ਮੌਕੇ ਉਨ੍ਹਾਂ ਦੇ ਨਾਲ ਸੁਖਬੀਰ ਸਿੰਘ ਖੁਰਮਣੀਆਂ, ਅਜੀਤ ਸਿੰਘ ਨਬੀਪੁਰੀ, ਪ੍ਰਿੰਸੀਪਲ ਰਣਜੀਤ ਸਿੰਘ ਬਾਸਰਕੇ, ਜਗਰੂਪ ਸਿੰਘ ਛੀਨਾ, ਗੁਰਜਿੰਦਰ ਸਿੰਘ ਬਘਿਆੜੀ ਅਤੇ ਸ਼ੰਕਰ ਸੁਖਦੇਵ ਸਿੰਘ ਵੀ ਸਨ।

ਪੀਰ ਲੱਖ ਦਾਤਾ ਦੀ ਦਰਗਾਹ 'ਤੇ ਦੋ ਰੋਜ਼ਾ ਮੇਲਾ 4 ਮਾਰਚ ਤੋਂ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਅੰਮ੍ਰਿਤਸਰ ਮਹਿਤਾ ਰੋਡ ਦੇ ਪਿੰਡ ਤਰਫਾਨ ਵਿਖੇ ਸਥਿਤ ਪੀਰ ਬਾਬਾ ਲੱਖ ਦਾਤਾ ਦੀ ਦਰਗਾਹ ਵਿਖੇ ਸਾਲਾਨਾ ਸੰਗ ਦਾ ਮੇਲਾ ਚਾਰ ਤੇ ਪੰਜ ਮਾਰਚ ਨੂੰ ਪਿੰਡ ਤਰਫਾਨ, ਸਾਧਪੁਰ ਤੇ ਚੋਗਾਵਾਂ ਦੀ ਸਾਧ ਸੰਗਤ ਵੱਲੋਂ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਤਨਾਮ ਸਿੰਘ ਬਾਠ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਲਾਕੇ ਦੀ ਸਮੂਹ ਸਾਧ ਸੰਗਤ ਵੱਲੋਂ ਪੀਰ ਬਾਬਾ ਲੱਖ ਦਾਤਾ ਦੀ ਦਰਗਾਹ 'ਤੇ ਚਾਰ 4,5 ਮਾਰਚ ਨੂੰ ਸਾਲਾਨਾ ਮੇਲਾ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ 4 ਤੇ 5 ਮਾਰਚ ਨੂੰ ਵੱਖ-ਵੱਖ ਕਲਾਕਾਰਾਂ ਵੱਲੋਂ ਬਾਬਾ ਜੀ ਦੀ ਮਹਿਮਾ ਦੇ ਗੁਣਗਾਨ ਕੀਤੇ ਜਾਣਗੇ ਅਤੇ 5 ਮਾਰਚ ਦੀ ਸ਼ਾਮ ਨੂੰ ਅੰਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਮਸਹੂਰ ਟੀਮਾਂ ਵਿਚਾਲੇ ਕਬੱਡੀ ਦਾ ਸ਼ੋਅ ਮੈਚ ਹੋਵੇਗਾ। ਸਤਨਾਮ ਸਿੰਘ ਬਾਠ ਨੇ ਅਨੁਸਾਰ ਇਹ ਮੇਲਾ ਹਰ ਸਾਲ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ ਤੇ ਸਮੁੱਚੇ ਇਲਾਕੇ ਦੀਆਂ ਸੰਗਤਾਂ ਇਸ ਮੇਲੇ ਵਿੱਚ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦੀਆਂ ਹਨ ਜੋ ਆਪਣੇ ਬੱਚਿਆਂ ਦੀਆਂ ਤੇ ਹੋਰ ਮਨੋਕਾਮਨਾਵਾਂ ਪੂਰਨ ਹੋਣ 'ਤੇ ਦਰਗਾਹ 'ਤੇ ਧੰਨਵਾਦ ਕਰਨ ਲਈ ਪਹੁੰਚਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮੌਕੇ ਦੋਵੇਂ ਹੀ ਦਿਨ ਗੁਰੂ ਕੇ ਅਤੁੱਟ ਲੰਗਰ ਵਰਤਾਏ ਜਾਣਗੇ।

ਡੀਸੀ ਵੱਲੋਂ ਸਿਵਲ ਹਸਪਤਾਲ ਦਾ ਦੌਰਾ, ਕਾਰਜ-ਪ੍ਰਣਾਲੀ ਦਾ ਕੀਤਾ ਨਿਰੀਖਣ

ਪਠਾਨਕੋਟ (ਦਵਿੰਦਰ ਸਿੰਘ)-ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਸਿਵਲ ਹਸਪਤਾਲ ਪਠਾਨਕੋਟ ਦਾ ਅਚਨਚੇਤ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਵੱਖ ਵੱਖ ਸਥਾਨਾਂ ਜਿਵੇਂ ਐਮਰਜੈਂਸੀ, ਵੱਖ ਵੱਖ ਬਿਲਡਿੰਗਾਂ ਅਤੇ ਵੱਖ-ਵੱਖ ਸਥਾਨਾਂ ਤੇ ਦਿੱਤੀਆਂ ਜਾਣ ਵਾਲੀਆਂ ਸਿਹਤ ਸੇਵਾਵਾਂ ਦੀ ਕਾਰਗੁਜ਼ਾਰੀ ਦੀ ਵੀ ਜਾਂਚ ਕੀਤੀ ਗਈ। ਦੌਰੇ ਦੌਰਾਨ ਉਨ੍ਹਾਂ ਦੇ ਨਾਲ ਮੇਜਰ ਡਾ. ਸੁਮਿਤ ਮੁੱਧ ਚੀਫ ਮਨਿਸਟ. ਫੀਲਡ ਅਫਸਰ-ਕਮ-ਸਹਾਇਕ ਕਮਿਸ਼ਨਰ ਜਰਨਲ ਵੀ ਮੌਜੂਦ ਸਨ।

ਇਸ ਮੌਕੇ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੀ ਜਾਂਚ ਦਾ ਵਿਸ਼ਾ ਸਿਵਲ ਹਸਪਤਾਲ ਦੀਆਂ ਕਮੀਆਂ ਉਜਾਗਰ ਕਰਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਉਣ ਵਾਲੇ ਸਮੇਂ ਦੌਰਾਨ ਬਹੁਤ ਵੱਡਾ ਪ੍ਰੋਜੈਕਟ ਕਰਨ ਜਾ ਰਹੀ ਹੈ ਜਿਸ ਵਿੱਚ ਜ਼ਿਲ੍ਹਾ ਹਸਪਤਾਲਾਂ ਵਿੱਚ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਕਾਰਜ ਕੀਤੇ ਜਾਣੇ ਹਨ। ਲੋਕਾਂ ਨੂੰ ਵਧੀਆ ਸਿਹਤ ਸੁਵਿਧਾਵਾਂ ਦੇਣ ਦੇ ਉਦੇਸ਼ ਨਾਲ ਸਿਵਲ ਹਸਪਤਾਲਾਂ ਦਾ ਦੌਰਾ ਕਰਕੇ ਰਿਪੋਰਟ ਬਣਾ ਕੇ ਸਰਕਾਰ ਨੂੰ ਭੇਜੀ ਜਾਣੀ ਹੈ। ਇਸ ਦੇ ਲਈ ਜ਼ਿਲ੍ਹਾ ਪ੍ਰਸਾਸਨ ਵੱਲੋਂ ਵਿਸ਼ੇਸ਼ ਟੀਮਾਂ ਤਿਆਰ ਕਰਕੇ ਇੱਕ ਰਿਪੋਰਟ ਬਣਾਈ ਜਾ ਰਹੀ ਹੈ। ਕਰੀਬ ਤਿੰਨ ਦਿਨਾਂ ਤੱਕ ਬਹੁਤ ਹੀ ਬਰੀਕੀ ਦੇ ਨਾਲ ਹਸਪਤਾਲ ਦਾ ਨਿਰੀਖਣ ਕੀਤਾ ਜਾਣਾ ਹੈ। ਇਸੇ ਹੀ ਤਰ੍ਹਾਂ ਸੀਐੱਚਸੀ ਦਾ ਨਿਰੀਖਣ ਕਰਨ ਲਈ ਵੀ ਡਿਵੀਜ਼ਨ ਪੱਧਰ ਤੇ ਕਮੇਟੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਬਹੁਤ ਹੀ ਬਿਹਤਰ ਸਿਹਤ ਸੁਵਿਧਾਵਾਂ ਦੇਣ ਦੇ ਲਈ ਬਹੁਤ ਜ਼ਿਆਦਾ ਬਦਲਾਅ ਕਰਨ ਦੀ ਲੋੜ ਹੈ। ਉਨ੍ਹਾਂ ਵੱਲੋਂ ਹਸਪਤਾਲ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਕਾਰਜ ਪ੍ਰਣਾਲੀ ਦੀ ਵੀ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਕੰਡਮ ਹੋਈਆਂ ਇਮਾਰਤਾਂ ਦਾ ਵੀ ਨਿਰੀਖਣ ਕੀਤਾ ਅਤੇ ਨਵੀਆਂ ਬਣੀਆਂ ਇਮਾਰਤਾਂ ਦੀ ਜਾਂਚ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲ

21-FEB-PAGE- 3.qxd 2/20/2023 10:48 PM Page 2

ਵਲਟੋਹਾ ਤੋਂ ਵਿਸ਼ੇਸ਼ ਸਪਲੀਮੈਂਟ

ਕਾਮਰੇਡ ਕਿਰਨਜੀਤ ਕੌਰ ਵਲਟੋਹਾ
ਸੀ ਪੀ ਆਈ ਬਲਾਕ ਸਕੱਤਰ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਮਰਹੂਮ ਕਾਮਰੇਡ ਗੁਲਵਿੰਦਰ ਸਿੰਘ ਵਲਟੋਹਾ

ਪ੍ਰਿੰਸੀਪਲ
ਜਸਵਿੰਦਰ ਸਿੰਘ

ਬਾਬਾ ਸੰਤ ਖਾਲਸਾ ਪਬਲਿਕ ਹਾਈ ਸਕੂਲ, ਤੂਤ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਗੁਲਜਾਰ ਸਿੰਘ
ਵੇਰਕਾ ਡੇਅਰੀ ਬਰਾਂਚ ਸੈਕਟਰੀ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਗੁਰਜੰਟ ਸਿੰਘ
ਸਮਾਜ ਸੇਵਕ ਬਹਾਦਰ ਨਗਰ

ਡਾ. ਪਰਵਿੰਦਰ ਸਿੰਘ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਖਾਹਰਾ ਹਸਪਤਾਲ

ਬਹਾਦਰ ਨਗਰ ਰੋਡ, ਵਲਟੋਹਾ

ਸੇਂਟ ਕਬੀਰ ਕਾਨਵੈਂਟ ਡੇ-ਬੋਰਡਿੰਗ ਸਕੂਲ, ਖੇਮਕਰਨ ਰੋਡ ਵਲਟੋਹਾ

ਡਾਇਰੈਕਟਰ ਮਨਵਜੀਤ ਸਿੰਘ

ਸੀ ਬੀ ਐਸ ਈ ਇਲਾਕੇ ਦਾ ਪਹਿਲਾ ਸਕੂਲ

ਦਾਖ਼ਲਾ ਸ਼ੁਰੂ

ਨਰਸਰੀ ਤੋਂ ਬਾਰ੍ਹਵੀਂ ਤੱਕ ਨਾਨ ਮੈਡੀਕਲ ਅਤੇ ਕਾਮਰਸ ਦੀ ਪੜ੍ਹਾਈ ਕਰਾਈ ਜਾਂਦੀ ਹੈ।

ਰਣਜੀਤ ਸਿੰਘ ਮੈਮੋਰੀਅਲ ਦਸਮੇਸ਼ ਪਬਲਿਕ ਸੀਨੀ. ਸੈਕੰ. ਸਕੂਲ, ਕੋਟ ਬੁੱਢਾ

ਪ੍ਰਿੰਸੀਪਲ ਜਗਮੋਹਨ ਸਿੰਘ

ਦਾਖ਼ਲਾ ਸ਼ੁਰੂ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਸੁਖਵਿੰਦਰ ਸਿੰਘ ਡਾਇਰੈਕਟਰ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਆਈ ਟੀ ਗਰਲਜ਼ ਕਾਲਜ, ਭਗਵਾਨਪੁਰਾ

ਇੰਦਰਜੀਤ ਸਿੰਘ
ਚੇਅਰਮੈਨ

ਮਨਮਿੰਦਰ ਸਿੰਘ
ਪ੍ਰਿੰਸੀਪਲ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਜਸਵੰਤ ਸਿੰਘ

ਸਰਪ੍ਰਸਤ
ਸਰਪੰਚ,
ਦਸਮੇਸ਼ ਨਗਰ

ਜਰਨੈਲ ਸਿੰਘ
ਯੂਥ ਅਕਾਲੀ ਆਗੂ ਬਹਾਦਰ ਨਗਰ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਗੁਰਮੁੱਖ ਸਿੰਘ ਸਮਾਜ ਸੇਵਕ
ਮਾਣੇਕੇ

ਕਾਰਜ ਸਿੰਘ
ਸਾਬਕਾ ਸਰਪੰਚ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਤਰਲੋਚਨ ਸਿੰਘ ਸਰਪੰਚ
ਆਸਲ ਉਤਾੜ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਜਸਵੰਤ ਸਿੰਘ

ਸਰਪ੍ਰਸਤ
ਸਰਪੰਚ ਬਹਾਦਰ ਨਗਰ

ਅਵਤਾਰ ਸਿੰਘ
ਸਰਪੰਚ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਗੁਰਮੀਤ ਸਿੰਘ
ਸਰਪੰਚ

ਕਲਗੀਧਰ ਪਬਲਿਕ ਸੀਨੀ. ਸੈਕੰ. ਸਕੂਲ, ਭਿੱਖੀਵਿੰਡ

ਪ੍ਰਿੰਸੀਪਲ ਬੁੱਢਾ ਸਿੰਘ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਵਿਸ਼ੇਸ਼ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਸ਼ਮਸ਼ੇਰ ਸਿੰਘ

ਮੈਂਬਰ ਪੰਚਾਇਤ, ਬਹਾਦਰ ਨਗਰ
ਆਮ ਆਦਮੀ ਪਾਰਟੀ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਨਰਿੰਦਰ ਸਿੰਘ ਬਲਾਕ ਸਕੱਤਰ
ਭਿੱਖੀਵਿੰਡ (ਸੀ ਪੀ ਆਈ)

ਕਾਮਰੇਡ ਬਲਦੇਵ ਸਿੰਘ
ਅਮਰਕੋਟ

ਘਰ ਦੀ ਰੌਣਕ

ਪ੍ਰਭਨੂਰ ਸਿੰਘ

ਗੁਰਲੀਨ ਕੌਰ

ਹਰਲੀਨ ਕੌਰ

ਹਰਨੂਰ ਸਿੰਘ

ਗੁਰਨੂਰ ਸਿੰਘ

ਗੁਰਮਨਜਾਪ ਸਿੰਘ

ਨਿਰਮਲ ਸਿੰਘ
ਸਰਪੰਚ

ਵਲਟੋਹਾ ਤੋਂ ਪੱਤਰਕਾਰ ਰਣਜੀਤ ਸਿੰਘ ਵੱਲੋਂ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਦੀਆਂ ਲੱਖ-ਲੱਖ ਵਧਾਈਆਂ

ਹਰਨੰਦ ਸਿੰਘ
ਲੇਖਕ ਬੱਲਿਆਵਾਲਾ

ਧੰਨਵਾਦ

ਸਮੂਹ ਇਲਾਕਾ ਨਿਵਾਸੀ-ਮੱਜਣਾਂ ਮਿੱਤਰਾਂ ਦਾ ਧੰਨਵਾਦ ਜਿਨ੍ਹਾਂ ਇਸ ਨਿਮਾਣੇ ਨੂੰ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਸਪਲੀਮੈਂਟ ਪ੍ਰਕਾਸ਼ਤ ਕਰਨ ਵਿੱਚ ਮਦਦ ਕੀਤੀ ਹੈ ਤੇ ਇਸ ਕਾਬਲ ਸਮਝਿਆ ਹੈ। ਆਸ ਕਰਦਾ ਹਾਂ ਕਿ ਅੱਗੇ ਤੋਂ ਵੀ ਦਾਸ ਨੂੰ ਅਖ਼ਬਾਰ ਵਿੱਚ ਬੇਧੜਕ ਹੋ ਕੇ ਲਿਖਣ ਲਈ ਹੌਸਲਾ ਅਫਜ਼ਾਈ ਕਰਦੇ ਰਹੋਗੇ।

ਰਣਜੀਤ ਸਿੰਘ (ਪੱਤਰਕਾਰ ਵਲਟੋਹਾ)
ਮੋਬਾ. 97813-02501

ਸ਼ਹਿਨਾਈਆਂ

ਸ਼ਕਤੀ ਅਤੇ ਸਰੋਜ ਵਾਸੀ ਅਬੁੱਲਖੁਰਾਣਾ ਨੇ ਵਿਆਹ ਦੀ ਚੌਥੀ ਵਰ੍ਹੇਗੰਢ ਮਨਾਈ।

ਮਨੀਸ਼ ਕਨੌਜੀਆ ਤੇ ਬਬਲੀ ਕਨੌਜੀਆ ਵਾਸੀ ਫਗਵਾੜਾ ਨੇ ਵਿਆਹ ਦੀ ਵਰ੍ਹੇਗੰਢ ਮਨਾਈ।

ਪੱਦੀ ਖਾਲਸਾ ਵਿਖੇ ਮਨਾਇਆ ਮਹਾਂਸ਼ਿਵਰਾਤਰੀ ਦਾ ਤਿਉਹਾਰ

ਗੁਰਾਇਆ (ਬਿੰਦਰ ਸੁੰਮਨ)- ਪਿੰਡ ਪੱਦੀ ਖਾਲਸਾ ਵਿਖੇ ਮਹਾਸ਼ਿਵਰਾਤਰੀ ਦਾ ਤਿਉਹਾਰ ਮਨਾਇਆ ਗਿਆ। ਮੰਦਰ 'ਚ ਹਵਨ ਕਰਵਾਇਆ ਗਿਆ। ਉਪਰੰਤ ਭੋਲੇ ਸ਼ੰਕਰ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਚਰਨਜੀਤ ਕੌਰ, ਗੁਰਦੀਸ਼ ਸਿੰਘ ਨੰਬਰਦਾਰ, ਸਰਪੰਚ ਜਸਪਾਲ ਕਲੇਰ, ਦਲਜੀਤ ਕੌਰ, ਬਲਵੀਰ ਸਿੰਘ, ਰਸ਼ਪਾਲ ਸਿੰਘ, ਹਰਜੀਤ ਕੁਮਾਰ, ਗੀਤਾ ਰਾਣੀ, ਤੇ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸਬ-ਤਹਿਸੀਲ ਦਫਤਰ ਅੱਗੇ ਧਰਨਾ

ਕਰਤਾਰਪੁਰ (ਹਰਮੇਸ਼ ਦੱਤ)

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾਈ ਸੱਦੇ ਤਹਿਤ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਡਾਕਟਰ ਬੀ ਆਰ ਅੰਬੇਡਕਰ ਚੌਕ ਵਿਖੇ ਇਕੱਠੇ ਹੋਣ ਉਪਰੰਤ ਸ਼ਹਿਰ ਵਿੱਚ ਰੋਸ ਮਾਰਚ ਕਰਕੇ ਸਬ-ਤਹਿਸੀਲ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਅਤੇ ਤਹਿਸੀਲਦਾਰ ਨੂੰ ਮਜ਼ਦੂਰ ਮੰਗਾ ਸੰਬੰਧੀ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਯੂਨੀਅਨ ਆਗੂਆ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਵਾਂਗ ਭਗਵੰਤ ਸਿੰਘ ਮਾਨ ਸਰਕਾਰ ਵੀ ਬੇਜ਼ਮੀਨੇ ਮਜ਼ਦੂਰਾਂ ਵਿਰੋਧੀ ਸਰਕਾਰ ਸਾਬਿਤ ਹੋਈ ਹੈ। ਇਹ ਸਰਕਾਰ ਵੀ ਜ਼ਮੀਨ ਹੱਦਬੰਦੀ ਕਾਨੂੰਨ ਤੋਂ ਵਾਧੂ 17.5 ਏਕੜ ਤੋਂ ਉਪਰਲੀਆਂ ਜ਼ਮੀਨਾਂ ਬੇਜਮੀਨੇ ਦਲਿਤਾਂ ਤੇ ਛੋਟੇ ਕਿਸਾਨਾਂ ਵਿੱਚ ਵੰਡਣ ਤੋਂ ਇਨਕਾਰੀ ਹਨ, ਪੰਚਾਇਤੀ ਜਮੀਨਾਂ 'ਚੋਂ ਰਾਖਵੇਂ ਤੀਜੇ ਹਿੱਸੇ ਦਾ ਹੱਕ ਦਲਿਤਾਂ ਨੂੰ ਅਮਲ 'ਚ ਨਹੀਂ ਦੇਣਾ ਚਾਹੁੰਦੀ, ਲਾਲ ਲਕੀਰ ਅੰਦਰ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਦੀ ਥਾਂ ਉਹਨਾਂ ਨੂੰ ਉਜਾੜ ਰਹੀ ਹੈ ਅਤੇ ਲੋੜਵੰਦ ਲੋਕਾਂ ਨੂੰ ਰਿਹਾਇਸੀ ਪਲਾਟ ਅਲਾਟ ਨਹੀਂ ਕਰ ਰਹੀ.ਕਿਰਤੀ ਲੋਕਾਂ ਨੂੰ ਕਰਜ ਮੁਕਤ ਨਹੀਂ ਕਰ ਰਹੀ, ਮਹਿੰਗਾਈ ਅਨੁਸਾਰ ਦਿਹਾੜੀ 700 ਰੁਪੈ ਦਾ ਵਾਧਾ ਨਹੀਂ ਕੀਤਾ ਜਾ ਰਿਹਾ ਅਤੇ ਸਮਾਜਿਕ ਜਬਰ ਬਾ-ਦਸਤੂਰ ਜਾਰੀ ਹੈ। ਮੋਗਾਂਵਾਲੀ ਵਿਖੇ ਨਾਬਾਲਗ ਬੱਚਿਆਂ ਉੱਪਰ ਤਸ਼ੱਦਦ ਅਤੇ ਸੰਗਰੂਰ ਜਿਲ੍ਹੇ ਦਾ ਪਿੰਡ ਗੁਜਰਾ ਵਿੱਚ ਇੱਕ ਦਲਿਤ ਨੌਜਵਾਨ ਨੂੰ ਬੇਤਹਾਸ਼ਾ ਕੁੱਟ-ਕੁੱਟ ਕੇ ਮਾਰ ਦੇਣਾ ਤੇ ਇੱਕ ਨੂੰ ਮਰਨ ਕਿਨਾਰੇ ਪੁੱਜਦਾ ਕਰਨਾ ਇਸਦੀ ਤਾਜਾ ਉਦਾਹਰਨ ਹੈ.ਇਸ ਹਾਲਤ ਵਿੱਚ ਸੰਘਰਸ ਹੀ ਇੱਕ ਰਸਤਾ ਹੈ.ਜੋ ਮਜਦੂਰ ਜਮਾਤ ਪਾਸ ਬਚਿਆ ਹੈ ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸਮੀਰ ਸਿੰਘ ਘੁੱਗਸੋਰ ਅਤੇ ਲਤੀਫਪੁਰਾ ਮੋਰੇਚੇ ਦੇ ਆਗੂ ਮਹਿੰਦਰ ਸਿੰਘ ਨੂੰ ਤੁਰੰਤ ਬਿਨਾ ਸ਼ਰਤ ਰਿਹਾਅ ਕਰਨ ਅਤੇ ਉਜਾੜੇ ਲੋਕਾ ਦੇ ਮੁੜ ਵਸੇਬਾ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਯੂਥ ਵਿੰਗ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਚੀਦਾ, ਤਹਿਸੀਲ ਪ੍ਰਧਾਨ ਬਲਵਿੰਦਰ ਦਿਆਲਪੁਰ, ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਜਸਵੀਰ ਕੌਰ, ਬਲਵੀਰ ਧੀਰਪੁਰ, ਜਸਵੀਰ ਸਿੰਘ ਗੋਰਾ, ਪ੍ਰਵੀਨ, ਅਮਰੀਕ ਬੂਲੇਵਾਲ, ਕੇ ਐੱਸ ਅਟਵਾਲ, ਸਰਬਜੀਤ ਕੌਰ ਕੁਦੋਵਾਲ, ਪਰਮਜੀਤ ਬੱਖੂ ਨੰਗਲ ਆਦਿ ਨੇ ਸੰਬੋਧਨ ਕੀਤਾ।

ਜਗਤ ਪੰਜਾਬੀ ਸਭਾ ਵਿਲੱਖਣ ਤੇ ਨੇਕ ਕਾਰਜ ਕਰ ਰਹੀ ਹੈ : ਸੀਚੇਵਾਲ

ਸ਼ਾਹਕੋਟ (ਗਿਆਨ ਸੈਦਪੁਰੀ)-ਜਗਤ ਪੰਜਾਬੀ ਸਭਾ ਨੇ ਅਮਰੀਕਾ, ਕੈਨੇਡਾ, ਪਾਕਿਸਤਾਨ, ਆਸਟਰੇਲੀਆ ਆਦਿ ਦੇਸ਼ਾਂ ਵਿੱਚ ਪੰਜਾਬੀ ਅਤੇ ਪੰਜਾਬੀਅਤ ਵਾਸਤੇ ਕਈ ਮਹੱਤਵਪੂਰਨ ਕਾਰਜ ਕੀਤੇ ਹਨ। ਸਭਾ ਵੱਲੋਂ ਦੁਨੀਆ ਦੇ ਬਹੁਤ ਸਾਰੇ ਲੋਕਾਂ ਨੂੰ ਸਨਮਾਨਤ ਕੀਤਾ ਜਾ ਚੁੱਕਾ ਹੈ। ਆਪਣੇ ਹਲਕੇ (ਸ਼ਾਹਕੋਟ) ਜਿੱਥੇ ਅਸੀਂ ਜੰਮੇ-ਪਲੇ ਹਾਂ, ਦੇ ਮਹੱਤਵਪੂਰਨ ਲੋਕਾਂ ਨੂੰ ਮਾਣ-ਸਨਮਾਨ ਦੇਣ ਦੀ ਚਿਰੋਕਣੀ ਖਾਹਿਸ਼ ਸੀ, ਜੋ ਅੱਜ ਪੂਰੀ ਹੋਈ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਜਗਤ ਪੰਜਾਬੀ ਸਭਾ ਦੇ ਚੇਅਰਮੈਨ ਐਡਵੋਕੇਟ ਅਜੈਬ ਸਿੰਘ ਚੱਠਾ ਨੇ ਇੱਥੇ ਕੀਤੇ ਸਨਮਾਨ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਨੇ ਸੰਸਾਰਿਕ ਯਾਤਰਾ ਪੂਰੀ ਕਰਕੇ ਵਿੱਛੜ ਚੁੱਕੀਆਂ ਅਹਿਮ ਹਸਤੀਆਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ, ਜਿਨ੍ਹਾਂ ਨੂੰ ਸਭਾ ਵੱਲੋ ਸਨਮਾਨਿਆ ਗਿਆ ਹੈ। ਚੱਠਾ ਨੇ ਕਿਹਾ ਕਿ ਹਲਕੇ ਦੀਆਂ ਸਿਰਮੌਰ ਸ਼ਖਸੀਅਤਾਂ ਨੂੰ ਆਦਰ ਮਾਣ ਦਿੰਦਿਆਂ ਸਭਾ ਫਖਰ ਮਹਿਸੂਸ ਕਰਦੀ ਹੈ। ਇਨ੍ਹਾਂ ਮਾਣ-ਮੱਤੀਆਂ ਸ਼ਖਸੀਅਤਾਂ ਵਿੱਚੋਂ ਰੁਸਤਮੇ ਹਿੰਦ ਸਵਰਗੀ ਮਿਹਰਦੀਨ, ਬਾਪੂ ਜੁਗਿੰਦਰ ਸਿੰਘ ਚੱਠਾ, ਦਰਬਾਰਾ ਸਿੰਘ ਗਵਰਨਰ, ਬਲਵੰਤ ਸਿੰਘ (ਸਾਬਕਾ ਖਜ਼ਾਨਾ ਮੰਤਰੀ), ਸ਼ਾਇਰ ਫਤਹਿਜੀਤ, ਸਾਧੂ ਸਿੰਘ ਬਜਾਜ, ਮਾਸਟਰ ਸਵਰਨ ਸਿੰਘ ਕਲਿਆਣ ਆਦਿ ਸ਼ਾਮਿਲ ਸਨ। ਇਸ ਤੋਂ ਪਹਿਲਾ ਸਨਮਾਨ ਸਮਾਰੋਹ ਦਾ ਬਾਕਾਇਦਾ ਉਦਘਾਟਨ ਸੇਵਾ ਮੁਕਤ ਐੱਸਐੱਸਪੀ ਕੁਲਵਿੰਦਰ ਸਿੰਘ ਬਿਆੜਾ ਨੇ ਫੀਤਾ ਕੱਟ ਕੇ ਕੀਤਾ। ਸਭਾ ਦੇ ਪ੍ਰਧਾਨ ਸਰਦੂਲ ਸਿੰਘ ਬਿਆੜਾ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਸਭਾ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਵੇਰਵਾ ਦਿੱਤਾ। ਬਿਆੜਾ ਨੇ ਵਿਸ਼ਵ ਪੰਜਾਬੀ ਕਾਨਫਰੰਸਾਂ ਤੋਂ ਲੈ ਕੇ ਕਾਇਦੇ -ਨੂਰ ਛਪਵਾਉਣ ਤੱਕ ਸਭਾ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਵੀ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਸਭਾ ਦਾ ਕੋਈ ਸਿਆਸੀ ਏਜੰਡਾ ਨਹੀਂ ਹੈ ਸਗੋਂ ਇਹ ਪੰਜਾਬੀ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਉਪਰਾਲਾ ਕਰ ਰਹੀ ਹੈ। ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਅਮੀਰੀ ਤੇ ਸਦੀਵਤਾ ਦੀ ਗੱਲ ਕਰਦਿਆਂ ਕਿਹਾ ਕਿ ਇਹ ਕਦੇ ਵੀ ਖਤਮ ਨਹੀਂ ਹੋ ਸਕਦੀ। ਇਸੇ ਦੌਰਾਨ ਸਮਾਗਮ ਨੂੰ ਸੰਗੀਤਕ ਛੋਹ ਦੇਣ ਲਈ ਸ਼ਾਹਕੋਟ ਦੇ ਸੂਫੀ ਗਾਇਕ ਕੁਲਵਿੰਦਰ ਸ਼ਾਹਕੋਟੀ ਨੂੰ ਸਟੇਜ ਸੌਂਪੀ ਗਈ। ਸ਼ਾਹਕੋਟੀ ਨੇ ਸ਼ਿਵ ਕੁਮਾਰ ਬਟਾਲਵੀ ਦਾ ਗੀਤ ਜਿੱਥੇ ਇਤਰਾਂ ਦੇ ਵਗਦੇ ਨੇ ਚੋਅ, ਉੱਥੇ ਮੇਰਾ ਯਾਰ ਵਸਦਾ ਪੇਸ਼ ਕੀਤਾ ਤਾਂ ਸਰੋਤਿਆਂ ਦਾ ਪੂਰਾ ਵਜੂਦ ਕੰਨ ਬਣਿਆ ਮਹਿਸੂਸ ਹੋਇਆ। ਇਸ ਦੌਰਾਨ ਰਾਜ ਸਭਾ ਮੈਂਬਰ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਸਮਾਗਮ ਦਾ ਹਿੱਸਾ ਬਣੇ। ਪ੍ਰਬੰਧਕਾਂ ਨੇ ਉਨਾਂ ਦਾ ਚਾਅ ਨਾਲ ਸਨਮਾਨ ਕੀਤਾ। ਸੰਤ ਸੀਚੇਵਾਲ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਗਤ ਪੰਜਾਬੀ ਸਭਾ ਵਿਲੱਖਣ ਕਾਰਜ ਕਰ ਰਹੀ ਹੈ। ਕੈਨੇਡਾ ਵਿੱਚ ਸਥਾਪਤ ਇਸ ਸਭਾ ਦਾ ਕਾਰਜ ਖੇਤਰ ਪੂਰਾ ਸੰਸਾਰ ਹੈ। ਪੰਜਾਬ ਤੋਂ ਕੈਨੇਡਾ ਜਾਣ ਵਾਲੇ ਬਹੁਤ ਸਾਰੇ ਪੰਜਾਬੀ ਸਭਾ ਦੀ ਮਹਿਮਾਨ-ਨਿਵਾਜ਼ੀ ਮਾਣ ਕੇ ਵਾਪਿਸ ਆਉਂਦੇ ਹਨ। ਮਾਰਕਫੈੱਡ ਦੇ ਸੇਵਾ ਮੁਕਤ ਅਧਿਕਾਰੀ ਅਤੇ ਹਾਸਰਸ ਕਲਾਕ